Postal No.-- CHD/0111/2015-17

Regd No. 32212/78


# ਲੁਬਾਣਾ ਸੇਵਕ

ਅਗਸਤ 2017 ਮਾਸਿਕ ਮੁੱਲ : 15/-

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਦੇਸ਼-ਵਿਦੇਸ਼ ਦੀ ਸਮੂਹ ਸੰਗਤ ਨੂੰ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਵਸ ਦੀ ਲੱਖ-ਲੱਖ ਵਧਾਈ !

## ਸੰਪਾਦਨ ਅਸਥਾਨ - ਆਦਿ ਗ੍ਰੰਥ ਸਾਹਿਬ

## ਗੁਰਦੁਆਰਾ ਰਾਮਸਰ ਸਾਹਿਬ ਅੰਮ੍ਰਿਤਸਰ




ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

## ਸੰਪਾਦਕੀ...

# ਆਜ਼ਾਦੀ ਦੀ ਲੜਾਈ ਵਿਚ ਪੰਜਾਬੀਆਂ ਦਾ ਯੋਗਦਾਨ



ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ 10 ਸਾਲ ਬਾਅਦ ਅੰਗਰੇਜ਼ਾਂ ਨੇ 29 ਮਾਰਚ 1849 ਈਸਵੀ ਨੂੰ ਪੰਜਾਬ ਤੇ ਕਬਜ਼ਾ ਕਰ ਲਿਆ। ਡੋਗਰਿਆਂ ਦੀ ਗਦਾਰੀ ਕਾਰਨ ਪੰਜਾਬ ਵੀ ਅੰਗਰੇਜ਼ਾਂ ਦਾ ਗੁਲਾਮ ਹੋ ਗਿਆ ਅਤੇ ਸਮੁੱਚੇ ਭਾਰਤੀ ਗੁਲਾਮਾਂ ਵਾਲਾ ਜੀਵਨ ਬਸਰ ਕਰਨ ਲੱਗ ਪਏ। ਉਸ ਸਮੇਂ ਆਜ਼ਾਦੀ ਸੰਘਰਸ਼ ਨੂੰ ਜਾਰੀ ਰੱਖਦਿਆਂ ਭਾਈ ਮਹਾਰਾਜ ਸਿੰਘ, ਬਾਬਾ ਬਿਕਰਮ ਸਿੰਘ ਬੇਦੀ ਅਤੇ ਸੰਤ ਬਾਬਾ ਰਾਮ ਸਿੰਘ ਨਾਮਧਾਰੀ ਜੀ ਨੇ ਅੰਗਰੇਜ਼ਾਂ ਦੀ ਗੁਲਾਮੀ ਨਾ ਕਬੂਲਦੇ ਹੋਏ ਆਜ਼ਾਦੀ ਲਈ ਲੋਕਾਂ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ। ਸਮੁੱਚੇ ਭਾਰਤ ਵਿਚ ਅਜੇ ਲੋਕ ਆਜ਼ਾਦੀ ਲਈ ਜਾਗਰਤ ਨਹੀਂ ਹੋਏ ਸਨ। ਵਿਦੇਸ਼ਾਂ ਵਿਚ ਬੈਠੇ ਗਦਰੀ ਬਾਬਿਆਂ ਨੇ ਖੜ੍ਹੇ ਹੋ ਕੇ ਅੰਗਰੇਜ਼ਾਂ ਵਿਰੁੱਧ ਸੰਘਰਸ਼ ਕਰਨ ਦਾ ਸੱਦਾ ਦਿੱਤਾ। ਦੇਸ਼ ਦੀ ਆਜ਼ਾਦੀ ਲਈ ਗਦਰ ਲਹਿਰ ਅਤੇ ਕੂਕਾ ਲਹਿਰ ਨੇ ਭਾਰਤ ਵਾਸੀਆਂ ਨੂੰ ਸੁਚੇਤ ਕੀਤਾ ਅਤੇ ਦੇਸ਼ ਵਿਚੋਂ ਅੰਗਰੇਜ਼ਾਂ ਨੂੰ ਕੱਢਣ ਲਈ ਪ੍ਰੇਰਿਆ। ਮਹਾਤਮਾ ਗਾਂਧੀ ਜੀ ਨੇ 1922 ਵਿਚ ਬਰਤਾਨਵੀ ਹਕੂਮਤ ਵਿਰੁੱਧ ਨਾ ਮਿਲਵਰਤਣ ਅੰਦੋਲਨ ਸ਼ੁਰੂ ਕੀਤਾ ਪਰ ਕਿਤੇ-ਕਿਤੇ ਹਿੰਸਕ ਘਟਨਾਵਾਂ ਹੋਣ ਕਾਰਨ ਇਹ ਅੰਦੋਲਨ 1922 ਵਿਚ ਹੀ ਵਾਪਸ ਲੈ ਲਿਆ ਗਿਆ। ਇਸ ਸਮੇਂ ਅਕਾਲੀ ਆਗੂਆਂ ਵਲੋਂ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ ਚਲਦੀ ਗੁਰਦੁਆਰਾ ਸੁਧਾਰ ਲਹਿਰ ਜੋ ਸੰਪੂਰਨ ਤੌਰ ਤੇ ਅਹਿੰਸਕ ਸੀ ਨੇ ਭਾਰਤੀ ਨੇਤਾਵਾਂ ਤੇ ਏਨਾ ਪ੍ਰਭਾਵ ਪਾਇਆ ਕਿ ਉਹ ਸਾਰੇ ਨੇਤਾ ਉਸ ਅਸਥਾਨ ਤੇ ਪਹੁੰਚੇ ਜਿੱਥੇ ਅਕਾਲੀ ਨੇਤਾਵਾਂ ਨੇ ਮੋਰਚਾ ਲਾਇਆ ਸੀ। ਇਸ ਦਾ ਪ੍ਰਭਾਵ ਭਾਰਤੀ ਲੋਕਾਂ ਤੇ ਅਤੇ ਵਿਦੇਸ਼ੀ ਪ੍ਰੈਸ ਤੇ ਬਹੁਤ ਪਿਆ। 20 ਫਰਵਰੀ 1921 ਨੂੰ ਅਕਾਲੀ ਸਿੰਘਾਂ ਨੇ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਮਹੰਤਾਂ ਤੋਂ ਕਬਜ਼ਾ ਲੈ ਲਿਆ। ਨਨਕਾਣਾ ਸਾਹਿਬ ਸਾਕੇ ਦੀ ਖਬਰ ਸੁਣ ਕੇ 3 ਮਾਰਚ 1921 ਈ. ਨੂੰ ਮਹਾਤਮਾ ਗਾਂਧੀ ਨਨਕਾਣਾ ਸਾਹਿਬ ਆਏ ਅਤੇ ਉਸੇ ਦਿਨ ਸ਼ਹੀਦੀ ਦੀਵਾਨ ਵਿਚ ਮਹਾਤਮਾ ਗਾਂਧੀ ਨੇ ਭਾਸ਼ਣ ਦਿੱਤਾ ਅਤੇ ਕਿਹਾ ਕਿ ਨਨਕਾਣਾ ਸਾਹਿਬ ਦੀ ਘਟਨਾ ਜਲਿਆਂਵਾਲੇ ਬਾਗ ਤੋਂ ਘੱਟ ਨਹੀਂ। ਮਹਾਤਮਾ ਗਾਂਧੀ ਤੋਂ ਇਲਾਵਾ ਮੋਲਾਨਾ ਸ਼ੋਕਤ ਅਲੀ, ਡਾਕਟਰ ਕਿਚਲੂ, ਲਾਲਾ ਦੂਨੀ ਚੰਦ, ਲਾਲਾ ਲਾਜਪਤ ਰਾਏ ਵਰਗੇ ਕੌਮੀ ਨੇਤਾ ਵੀ ਨਨਕਾਣਾ ਸਾਹਿਬ ਪਹੁੰਚੇ।

ਭਾਰਤ ਦੀ ਆਜ਼ਾਦੀ, ਜ਼ਮੀਨ ਗਦਰੀ ਬਾਬਿਆਂ ਨੇ ਤਿਆਰ ਕੀਤੀ , ਨਕਸ਼ਾ ਜਲਿਆਂਵਾਲੇ ਬਾਗ ਵਿਚ ਤਿਆਰ ਹੋਇਆ, ਨੀਂਹ ਗੁਰੂ ਕੇ ਬਾਗ ਵਿਚ ਰੱਖੀ ਗਈ, ਦੀਵਾਰਾਂ ਰਾਵੀ ਦੇ ਕਿਨਾਰੇ 1930 ਨੂੰ ਅਤੇ ਛੱਤ ਆਜ਼ਾਦ ਹਿੰਦ ਫੌਜ ਨੇ ਪਾਈ। ਗੁਲਾਮੀ ਦੀ ਮੁਕਤੀ ਲਈ ਦੇਸ਼ ਦੇ ਵੱਖ-ਵੱਖ ਭਾਗਾਂ ਦੇ ਜਾਂਬਾਜ਼ਾਂ ਅਤੇ ਆਜ਼ਾਦੀ ਦੇ ਪਰਵਾਨਿਆਂ ਦੀਆਂ ਕੁਰਬਾਨੀਆਂ ਨੂੰ ਭੁਲਾਇਆ ਨਹੀਂ ਜਾ ਸਕਦਾ ਪਰ ਅੰਗਰੇਜ਼ਾਂ ਵਿਰੁੱਧ ਆਜ਼ਾਦੀ ਦੇ ਸੰਘਰਸ਼ ਨੂੰ ਵਿੱਢਣ ਵਿਚ ਪੰਜਾਬ ਤੇ ਖਾਸ ਕਰਕੇ ਸਿੱਖਾਂ ਦਾ ਯੋਗਦਾਨ ਬੜਾ ਲਾਸਾਨੀ ਸੀ। ਦੇਸ਼ ਦੀ ਆਬਾਦੀ ਦਾ ਸਿਰਫ ਡੇਢ ਫੀਸਦੀ ਹਿੱਸਾ ਹੋਣ ਦੇ ਬਾਵਜੂਦ ਸਿੱਖਾਂ ਵਲੋਂ ਆਜ਼ਾਦੀ ਦੀ ਲੜਾਈ ਵਿਚ 80 ਫੀਸਦੀ ਤੋਂ ਵੱਧ ਕੁਰਬਾਨੀਆਂ ਦਾ ਬੇਮਿਸਾਲ ਇਤਿਹਾਸ ਰਚਿਆ ਗਿਆ। ਅੰਗਰੇਜ਼ ਸਰਕਾਰ ਦੇ ਖੁਫੀਆ ਰਿਕਾਰਡ ਮੁਤਾਬਿਕ 1907 ਤੋਂ 1917 ਤੱਕ ਹਿੰਦੁਸਤਾਨ ਵਿਚ ਫਾਂਸੀ ਤੇ ਚੜ੍ਹੇ 47 ਸ਼ਹੀਦਾਂ ਵਿਚੋਂ 38 ਸਿੱਖ ਸਨ ਅਤੇ ਉਮਰ ਕੈਦ ਦੇ 30 ਘੁਲਾਟੀਆਂ ਵਿਚੋਂ 27 ਸਿੱਖ ਸਨ। ਉਮਰ ਕੈਦ ਅਤੇ ਜਾਇਦਾਦ ਜਬਤ ਕਰਨ ਵਾਲੇ ਕੁਲ 38 ਵਿਚੋਂ 31 ਸਿੱਖ ਸਨ। ਕਾਲੇਪਾਣੀ ਕੁਲ 29 ਸੂਰਮਿਆਂ ਨੂੰ ਭੇਜਿਆ ਗਿਆ ਜਿਨ੍ਹਾਂ ਵਿਚੋਂ 26 ਸਿੱਖ ਸਨ ਅਤੇ ਸਖ਼ਤ ਸਜ਼ਾਵਾਂ ਕੁਲ 47 ਹੋਈਆਂ ਜਿਨ੍ਹਾਂ ਵਿਚੋਂ 38 ਸਿੱਖ ਸਨ।

ਦੇਸ਼ ਆਜ਼ਾਦ ਹੋਣ ਤੱਕ 121 ਸ਼ਹੀਦਾਂ ਨੇ ਫਾਂਸੀ ਦੇ ਰੱਸੇ ਚੁੰਮੇ ਜਿਨ੍ਹਾਂ ਵਿਚੋਂ 93 ਸਿੱਖ ਸਨ। ਉਮਰ ਕੈਦ ਕੱਟਣ ਵਾਲੇ 2646 ਘੁਲਾਟੀਆਂ ਵਿਚੋਂ 2147 ਸਿੱਖ ਸਨ। ਜਲਿਆਂਵਾਲੇ ਬਾਗ ਵਿਚ 1300 ਸ਼ਹੀਦਾਂ ਵਿਚੋਂ 799 ਸਿੱਖ ਸਨ। ਬਜਬਜ਼ਘਾਟ ਦੇ ਸਾਕੇ ਵਿਚ ਸ਼ਹੀਦ ਹੋਣ ਵਾਲੇ 113 ਵਿਚੋਂ 67 ਸਿੱਖ ਸਨ। ਕੂਕਾ ਲਹਿਰ ਵਿਚ 91 ਸਿੱਖ ਸਨ ਅਤੇ ਅਕਾਲੀ ਲਹਿਰ ਵਿਚ ਵੀ 500 ਸਿੱਖ ਸ਼ਹੀਦ ਹੋਏ ਸਨ। ਇਨ੍ਹਾਂ ਅੰਕੜਿਆਂ ਦੀ ਪੁਸ਼ਟੀ ਮੋਲਾਨਾ ਆਜ਼ਾਦ ਨੇ ਵੀ ਕੀਤੀ ਸੀ। ਜੇਕਰ ਭਾਰਤ ਦੀ ਆਜ਼ਾਦੀ ਵਿਚ ਸਮੂਹ ਪੰਜਾਬੀਆਂ ਦੀ ਦੇਣ ਦਾ ਹਿਸਾਬ ਲਾਇਆ ਜਾਵੇ ਤਾਂ 90 ਫੀਸਦੀ ਦੇ ਲਗਭਗ ਬਣਦਾ ਹੈ।


**ਜਗੀਰ ਸਿੰਘ ਲਾਲੀਆ**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ

**Chief Editor**
**S. Jagir Singh Lalia**
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
**S. Pritam Singh Naurangpur**
# 180, New Vijay Nagar, Jalandhar
M.: 98140-48241

**Editor**
**S. Surinder Singh Ruby**
Excise & Taxation Officer (Retd.)
HIG-16, S.F., Guru Gobind Singh Avenue
G.T. Road, Bye pass, Jalandhar
Email: ruby.surinder57@gmail.com, M.: 98141-28181

**Co-Editor**
**Prof. Jaswant Singh Ph.d.**
College Road, Begowal, Kapurthala, M.: 98724-66351
**Engineer Parminderjit Singh**
524, GMT Jalandhar, M.: 99153-57524
parminderjitsingh84@yahoo.com

**Outline-Editor**
**S. Joginder Singh Ajaib**, Jalandhar
M.: 98152-69145

**Advisors**
S. Naginder Singh, Mohali
S. Jagtar Singh Multani Chief Er. (Retd.) Jal.
M.: 94172-15490

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
**ਸਤੰਬਰ - 16-09-2017 (ਸ਼ਨੀਵਾਰ)**
**ਅਕਤੂਬਰ - 17-10-2017 (ਮੰਗਲਵਾਰ)**

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

# ਤਤਕਰਾ

ਜਿਲਦ ਨੰ. 41 | ਅੰਕ - 66 | ਅਗਸਤ - 2017

| | | |
|---|---|---|
| 1. | ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਤਰਤੀਬ | 4 |
| 2. | ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ | 7 |
| 3. | ਗਿਆਨ ਦੇ ਸਾਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 8 |
| 4. | ਸੰਤ ਪ੍ਰੇਮ ਸਿੰਘ ਕਰਮਸਰ ਖਾਲਸਾ ਕਾਲਜ ਬੇਗੋਵਾਲ (ਕਪੂਰਥਲਾ) | 10 |
| 5. | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ | 11 |
| 6. | ਅਜੋਕਾ ਯੁੱਗ ਤੇ ਕੰਪਿਊਟਰ | 13 |
| 7. | ਪਾਖੰਡ ਕਰਮ ਤੇ ਬਿਬੇਕ | 15 |
| 8. | ਨਸਲਵਾਦ ਅਤੇ ਜਾਤੀਵਾਦ ਨਰੋਏ ਸਮਾਜ ਦੀ ਸਿਰਜਣਾ ਲਈ.... | 17 |
| 9. | ਲੋੜ ਹੈ ਵਧ ਰਹੇ ਬਸਤੇ ਦੇ ਭਾਰ ਨੂੰ ਘਟਾਉਣ ਦੀ | 18 |
| 10. | "ਸਰਦ ਰੁੱਤ" | 19 |
| 11. | ਮਨੁੱਖ ਹੋਣ ਦਾ ਗੌਰਵ ਕਿੱਥੇ ਹੈ? | 20 |
| 12. | ਅੰਬਰ ਨਾਲ ਸਾਡੀ ਸਾਂਝ | 22 |
| 13. | ਕਹਾਣੀ (ਇਨਸਾਨੀਅਤ ਮੂਲੋਂ ਨਹੀਂ ਮਰਦੀ) | 24 |
| 14. | ਸਨਮਾਨਿਤ ਸ਼ਖ਼ਸੀਅਤਾਂ | 27 |
| 15. | ਵਿਸਰਦਾ ਜਾਂਦਾ ਵਿਰਸਾ | 28 |
| 16. | ਖੇਡਾਂ ਅਤੇ ਸਿੱਖ ਸੱਭਿਆਚਾਰ | 29 |
| 17. | ਕਾਵਿ-ਕਿਆਰੀ | 31 |
| 18. | ਸਿਹਤ ਸੰਭਾਲ | 32 |
| 19. | Dr. Sarjit Singh A Stalwart to Remember | 33 |
| 20. | GRANT OF MERIT, MERIT-CUM MEANS SCHOLARSHIP SCHEME 2017-2018 | 35-38 |
| 21. | ਦਾਨੀ ਸੱਜਣਾਂ ਦੀ ਸੂਚੀ | 39 |
| 22. | ਮੈਟਰੀਮੋਨੀਅਲ | 41 |
| 23. | The Earth | 42 |

'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਤਰਤੀਬ

## ਇਕ ਵਿਲੱਖਣ ਕਾਰਜ

*(ਪਹਿਲੇ ਪ੍ਰਕਾਸ਼ ਦਿਵਸ ਨੂੰ ਸਮਰਪਿਤ)*


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**




ਇਸ ਲੋਕਾਈ ਦੀ ਸਭ ਤੋਂ ਮਹਾਨ ਰਚਨਾ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਭਾਂਦੋ ਸੁਦੀ ਇਕ ਸੰਨ 1604 ਨੂੰ ਹੋਇਆ। ਇਸ ਰਚਨਾ ਨੂੰ ਪੰਜਾਬੀ ਸਾਹਿਤ ਦੀ ਪਹਿਲੀ ਅਤੇ ਮਹਾਨ ਰਚਨਾ ਹੋਣ ਦਾ ਮਾਨ ਪ੍ਰਾਪਤ ਹੈ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਬਾਣੀ ਦੇ ਬੋਹਿਥ, ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਨ 1601 ਤੋਂ 1604 ਈ. ਦੇ ਦਰਮਿਆਨ ਕੀਤੀ। ਬਾਬਾ ਬੁੱਢਾ ਜੀ ਨੂੰ ਇਸ ਪਵਿੱਤਰ ਗ੍ਰੰਥ ਦੇ ਪਹਿਲੇ ਗ੍ਰੰਥੀ ਥਾਪਿਆ ਗਿਆ। ਗੁਰੂ ਅਰਜਨ ਦੇਵ ਜੀ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਭਾਈ ਗੁਰਦਾਸ ਜੀ ਨੂੰ ਰਚਨਾਵਾਂ ਦਾ ਉਤਾਰਾ ਕਰਨ ਦਾ ਮਹਾਨ ਮਾਣ ਹਾਸਿਲ ਹੋਇਆ।

ਪੰਚਮ ਪਾਤਸ਼ਾਹ ਵੱਲੋਂ ਸੰਪਾਦਨਾ ਕੀਤੇ ਜਾਣ ਵੇਲੇ ਇਸ ਪਵਿੱਤਰ ਗ੍ਰੰਥ ਵਿਚ ਪੰਜ ਗੁਰੂਆਂ, ਪੰਦਰਾਂ ਭਗਤਾਂ, ਗਿਆਰਾਂ ਭੱਟਾਂ ਅਤੇ ਚਾਰ ਗੁਰਸਿੱਖਾਂ ਦੀ ਬਾਣੀ ਦਰਜ ਸੀ। ਸਾਰੀ ਬਣੀ 30 ਰਾਗਾਂ ਵਿਚ ਦਰਜ ਸੀ। ਬਾਅਦ ਵਿਚ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਜੋ ਰਾਗ ਜੈ ਜੈ ਵੰਤੀ ਵਿਚ ਸੀ, ਸ਼ਾਮਲ ਕੀਤੀ ਗਈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਕੁੱਲ ਛੇ ਗੁਰੂਆਂ, 15 ਭਗਤਾਂ, 11 ਭੱਟਾਂ ਅਤੇ 4 ਗੁਰਸਿੱਖਾਂ ਦੀ ਬਾਣੀ ਸ਼ਾਮਲ ਹੈ।

### ਰਾਗਾਂ ਦੀ ਤਰਤੀਬ

1. ਸਿਰੀ ਰਾਗ, 2. ਰਾਗ ਮਾਝ,
3. ਰਾਗੁ ਗਾਉੜੀ, 4. ਰਾਗੁ ਆਸਾ,
5. ਰਾਗੁ ਗੁਜਰੀ, 6. ਰਾਗੁ ਦੇਵ ਗੰਧਾਰੀ,
7. ਰਾਗ ਬਿਹਾਗੜਾ, 8. ਰਾਗੁ ਵਡਹੰਸ,
9. ਰਾਗੁ ਸੋਰਿਠ, 10. ਰਾਗੁ ਧਨਾਸਰੀ,
11. ਰਾਗੁ ਜੈਤਸਰੀ,12. ਰਾਗੁ ਟੋਡੀ,
13. ਰਾਗ ਬੈਰਾੜੀ, 14. ਰਾਗੁ ਤਿਲੰਗ,
15. ਰਾਗੁ ਸੂਹੀ, 16. ਰਾਗੁ ਬਿਲਾਵਲ,
17, ਰਾਗੁ ਗੋਂਡ, 18. ਰਾਗੁ ਰਾਮਕਲੀ,
19. ਰਾਗੁ ਨਟ ਨਰਾਇਣ
20. ਰਾਗ ਮਾਲੀ ਗਾਉੜਾ,
21. ਰਾਗੁ ਮਾਰੂ, 22. ਰਾਗੁ ਤੁਖਾਰੀ,
23. ਰਾਗੁ ਕੇਦਾਰਾ, 24. ਰਾਗੁ ਭੈਰਉ,
25. ਰਾਗੁ ਬਸੰਤ, 26. ਰਾਗ ਸਾਰੰਗ,
27, ਰਾਗੁ ਮਲਾਰ, 28. ਰਾਗੁ ਕਾਨੜਾ,
29. ਰਾਗੁ ਕਲਿਆਣ,
30. ਰਾਗੁ ਪ੍ਰਭਾਤੀ, 31. ਰਾਗੁ ਜੈਜੈਵੰਤੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ 31 ਰਾਗਾਂ ਵਿਚ ਕੁੱਲ 1430 ਪੰਨਿਆਂ 'ਤੇ 3384 ਸ਼ਬਦ ਅਤੇ ਉਨ੍ਹਾਂ ਵਚ 15575 ਬੰਦ ਸ਼ਸ਼ੋਭਿਤ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਮੁੱਖ ਰੂਪ ਵਿਚ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

ਪਹਿਲਾ ਭਾਗ : ਨਿਤਨੇਮ ਦੀਆਂ ਬਾਣੀਆਂ, ਜੋ ਕਿ ਪੰਨਾ 1 ਤੋਂ 13 ਤੱਕ ਦਰਜ ਹਨ।

ਦੂਜਾ ਭਾਗ : ਰਾਗਾਂ ਵਿਚ ਬਾਣੀ, ਜੋ ਪੰਨਾ 14 ਤੋਂ 1353 ਤੱਕ ਦਰਜ ਹੈ।

ਤੀਜਾ ਭਾਗ : ਰਾਗ ਮੁਕਤ ਬਾਣੀ, ਜੋ ਪੰਨਾ 1353 ਤੋਂ 1430 ਤੱਕ ਦਰਜ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬੰਦਾਂ ਵਿਚ 2949 ਬੰਦ ਗੁਰੂ ਨਾਨਕ ਦੇਵ ਜੀ ਦੇ, 57 ਬੰਦ ਗੁਰੂ ਅੰਗਦ ਦੇਵ ਜੀ ਦੇ, 2522 ਬੰਦ ਗੁਰੂ ਅਮਰ ਦਾਸ ਜੀ ਦੇ, 1730 ਬੰਦ ਗੁਰੂ ਰਾਮ ਦਾਸ ਜੀ ਦੇ, 6204 ਬੰਦ ਗੁਰੂ ਅਰਜਨ ਦੇਵ ਜੀ ਦੇ ਅਤੇ 196 ਬੰਦ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਜ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਭਗਤਾਂ ਦੀ ਬਾਣੀ ਵਿਚੋਂ ਸਭ ਤੋਂ ਵੱਧ ਭਗਤ ਕਬੀਰ ਜੀ ਦੇ ਬੰਦ ਹਨ ਅਤੇ ਭਾਈ ਮਰਦਾਨਾ ਜੀ ਦੇ ਸਭ ਤੋਂ ਘੱਟ ਬੰਦ ਦਰਜ ਹਨ।

ਸਾਰੀ ਬਾਣੀ ਨੂੰ ਬੜੀ ਹੀ ਸੁਚੱਜਤਾ ਨਾਲ ਸਿਰਲੇਖ ਵਾਰ ਤਰਤੀਬ ਦਿੱਤੀ ਗਈ ਹੈ, ਜੋ ਕਿ ਇਸ ਤਰ੍ਹਾਂ ਹੈ :



1. ਮੂਲ ਮੰਤਰ, ਜਪ ਸਲੋਕ (38 ਪਾਉੜੀਆਂ)
2. ਸੋ ਦਰ (5 ਸ਼ਬਦ),
3. ਸੋ ਪੁਰਖ (4 ਸ਼ਬਦ)
4. ਸੋਹਿਲਾ (5 ਸ਼ਬਦ),
5. ਰਾਗਾਂ ਵਿਚ ਬਾਣੀ (31 ਰਾਗ),
6. ਸਲੋਕ ਸਹਿ ਸਕ੍ਰਿਤੀ (ਮਹਲਾ ਪਹਿਲਾ),
7. ਸਲੋਕ ਸਹਿਸਕ੍ਰਿਤੀ (ਮਹਲਾ ਪੰਜਵਾਂ)
8. ਗਾਥਾ (ਮਹਲਾ ਪੰਜਵਾਂ),
9. ਫੁਨਹੇ (ਮਹਲਾ ਪੰਜਵਾਂ),
10. ਚਉਬੋਲੇ (ਮਹਲਾ ਪੰਜਵਾਂ),
11 ਸਲੋਕ (ਸ੍ਰੀ ਕਬੀਰ ਜੀ),
12. ਸਲੋਕ (ਸ਼ੇਖ ਫਰੀਦ ਜੀ)
13. ਸਵੱਯੇ ਸ੍ਰੀ ਮੁਖਵਾਕ (ਮਹਲਾ ਪੰਜਵਾਂ),
14. ਸਵੱਯੇ (ਭੱਟਾਂ ਦੇ),
15. ਸਲੋਕ ਵਾਰਾਂ ਤੇ ਵਧੀਕ (ਪਹਿਲੇ, ਤੀਜੇ, ਚੌਥੇ, ਪੰਜਵੇਂ ਮਹੱਲੇ ਦੇ),
16. ਸਲੋਕ (ਨੌਵੇਂ ਮਹੱਲੇ ਦੇ),
17. ਮੁਦਾਵਨੀ (ਮਹਲਾ ਪੰਜਵਾਂ),
18. ਸਲੋਕ (ਸੁਕਾਰਣੇ ਦਾ),
19. ਰਾਗ ਮਾਲਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬਾਣੀ ਦੇ ਆਰੰਭ ਵਿਚ ਜਪੁ ਜੀ ਸਾਹਿਬ ਦੀ ਬਾਣੀ ਦਰਜ ਹੈ। ਜਿਸ ਦਾ ਆਰੰਭ ਮੂਲ ਮੰਤਰ ਨਾਲ ਕੀਤਾ ਗਿਆ ਹੈ। ਇਹ ਮੂਲ ਮੰਤਰ ਸਿੱਖ ਧਰਮ ਦੀ ਬੁਨਿਆਦ ਹੈ। ਇਹ ਬੁਨਿਆਦ ਉਸ ਅਕਾਲ ਪੁਰਖ ਪ੍ਰਮਾਤਮਾ ਦੀ ਹਸਤੀ ਨੂੰ ਚਿਤਾਵਨ ਦੀ ਹੈ। ਉਸ ਦਾ ਸਰੂਪ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸ਼ਬਦਾਂ ਵਿਚ ਚਿਤਰਿਆ ਹੈ।



ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਿਤ ਅਜੂਨੀ ਸੈਭੰ ਗੁਰ ਪ੍ਰਸਾਦਿ॥

ਮੂਲ ਮੰਤਰ ਨੂੰ ਹਰ ਰਾਗ ਦੇ ਆਰੰਭ ਵਿਚ ਲਗਾਇਆ ਗਿਆ ਹੈ। ਰਾਗਾਂ ਵਿਚ ਸ੍ਰੀ ਰਾਗ ਦੀ ਰਚਨਾ ਨੂੰ ਪਹਿਲ ਦਿੱਤੀ ਗਈ ਹੈ। ਇਸ ਰਾਗ ਵਿਚ ਰਚੀ ਸਾਰੀ ਬਾਣੀ ਦੀ ਤਰਤੀਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੜੀ ਵਿਦਵਤਾ ਅਤੇ ਤਰਤੀਬ ਨਾਲ ਸਜਾਈ ਹੈ।

ਇਸੇ ਰਾਗ ਵਿਚ ਗੁਰੂ ਸਾਹਿਬਾਨ ਤੋਂ ਬਾਅਦ ਭਗਤਾਂ ਦੀ ਬਾਣੀ ਦਰਜ ਹੈ। ਇਨ੍ਹਾਂ ਵਿਚ ਭਗਤ ਕਬੀਰ, ਭਗਤ ਤ੍ਰਿਲੋਚਨ, ਭਗਤ ਬੇਣੀ ਅਤੇ ਭਗਤ ਰਵਿਦਾਸ ਜੀ ਦਾ ਸਥਾਨ ਤਰਤੀਬਵਾਰ ਸਜਾਇਆ ਗਿਆ ਹੈ। ਸ਼ੇਖ ਫਰੀਦ ਜੀ ਦੀ ਰਾਗ ਆਸਾ ਅਤੇ ਰਾਗ ਸੂਹੀ ਵਿਚ ਰਚੀ ਬਾਣੀ ਸਭ ਤੋਂ ਅਖੀਰ ਵਿਚ ਦਰਜ ਹੈ। ਇਹੀ ਤਰਤੀਬ ਬਾਕੀ ਰਾਗਾਂ ਵਿਚ ਵੀ ਬੜੇ ਹੀ ਸੁੰਦਰ ਤਰੀਕੇ ਨਾਲ ਸਜਾਈ ਗਈ ਹੈ। ਹਰੇਕ ਰਾਗ ਵਿਚ ਇਕ ਪਦੇ, ਦੁਪਦੇ, ਤਿਪਦੇ, ਚੌਪਦੇ, ਪੰਚਪਦੇ, ਛੇ ਪਦੇ, ਅਸਟਪਦੀ ਦੀ ਤਰਤੀਬ ਨਿਭਾਈ ਗਈ ਹੈ।

ਵਿਸ਼ੇਸ਼ ਰਚਨਾਵਾਂ ਨੂੰ ਸਿਰਲੇਖ ਦੇ ਕੇ ਸਪੱਸ਼ਟ ਕੀਤਾ ਗਿਆ ਹੈ।

ਜਿਵੇਂ :-'ਪਹਰੇ', 'ਸਤਵਰੇ', ਥਿਤੀ, ਬਾਰਹਮਾਹ, ਦਿਨ ਰੈਣਿ, ਗੁਰਵੰਤੀ, ਸੁਚੱਜੀ, ਕੁਚੱਜੀ, ਵਣਜਾਰਾ, ਅਲਾਹੁਣੀਆਂ, ਅੰਜੁਲੀਆ ਆਦਿ

ਵਿਸ਼ੇਸ਼ ਲੰਮੀਆਂ ਬਾਣੀਆਂ - 'ਬਾਵਨ ਅੱਖਰੀ, ਸੁਖਮਨੀ, ਆਨੰਦ, ਦੱਖਣੀ ਉਅੰਕਾਰ, ਸਿੱਧ ਗੋਸ਼ਟਿ ਆਦਿ ਨੂੰ ਦਰਜ ਕਰਨ ਉਪਰੰਤ ਵਾਰਾਂ ਨੂੰ ਸਥਾਨ ਦਿੱਤਾ ਗਿਆ ਹੈ। ਕਿਤੇ ਵੀ ਕਿਸੇ ਰਾਗ ਵਿਚ ਇਸ ਤਰਤੀਬ ਦਾ ਉਲੰਘਣ ਨਹੀਂ ਹੋਇਆ।

ਰਾਗ ਜੈ ਜੈ ਵੰਤੀ ਤੋਂ ਬਾਅਦ ਸਹਸਕ੍ਰਿਤੀ ਮਹਲਾ ਪਹਿਲਾ ਤੇ ਮਹਲਾ ਪੰਜਵਾਂ ਦਰਜ ਕੀਤੇ ਗਏ ਹਨ। ਉਸ ਤੋਂ ਮਗਰੋਂ ਗਾਥਾ, ਫੁਨਹੇ, ਚਉਬੋਲੇ, ਰਚਨਾਵਾਂ ਦਾ ਸਥਾਨ ਹੈ। ਇਨ੍ਹਾਂ ਨੂੰ ਕਿਸੇ ਰਾਗੁ ਦੇ ਅਧੀਨ ਨਹੀਂ ਲਿਆਂਦਾ ਗਿਆ।

ਭਗਤ ਕਬੀਰ ਜੀ ਦੇ ਸਲੋਕ ਅਤੇ ਸ਼ੇਖ ਫਰੀਦ ਦੇ ਸਲੋਕ ਤੋਂ ਅਗਲੀ ਰਚਨਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਵੱਯੇ 'ਸਵੱਯੇ ਸ੍ਰੀ ਮੁਖਵਾਕ ਮਹਲਾ ਪੰਜਵਾਂ' ਦੇ ਸਿਰਲੇਖ ਨਾਲ ਦਰਜ ਹਨ। ਫਿਰ 11 ਭੱਟਾਂ ਦੀ ਬਾਣੀ ਦਰ ਹੈ। ਭੱਟਾ ਵੱਲੋਂ ਗੁਰੂ ਮਹਾਰਾਜ ਜੀ ਵਾਸਤੇ



ਆਪਨੇ ਵਲਵਲੇ ਅਤੇ ਸ਼ਰਧਾ ਭਰਪੂਰ ਇਹ ਸਵੱਯੇ ਪਹਿਲੇ ਪੰਜ ਗੁਰੂ ਸਾਹਿਬਾਨ ਬਾਰੇ ਲਿਖੇ ਗਏ ਹਨ।

ਸਵੱਯੇ ਤੋਂ ਬਾਅਦ ਉਨ੍ਹਾਂ ਸਲੋਕਾਂ ਦੀ ਵਾਰੀ ਆਉਂਦੀ ਹੈ, ਜੋ ਕਿਸੇ ਤਰ੍ਹਾਂ ਵੀ ਪਹਿਲੇ ਨਹੀਂ ਆ ਸਕੇ। ਇਹ ਸਲੋਕ 'ਸਲੋਕ ਵਾਰਾਂ ਤੇ ਵਧੀਕੇ ਦੇ ਸਿਰਲੇਖ ਹੇਠ ਦਰਜ ਹਨ। ਸਿਰਲੇਖ ਤੋਂ ਜ਼ਾਹਿਰ ਹੈ ਕਿ ਵਾਰਾਂ ਨਾਲ ਸਲੋਕ ਲਗਾਏ ਜਾਣ ਤੋਂ ਬਾਅਦ ਜਿੰਨੇ ਕੁ ਫਿਰ ਵੀ ਬਚੇ ਰਹੇ, ਉਨ੍ਹਾਂ ਨੂੰ ਗੁਰੂ ਜੀ ਨੇ ਸਤਿਕਾਰ ਸਹਿਤ ਇਥੇ ਦਰਜ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸੰਨ 1604 ਈ. ਤੋਂ ਕਾਫੀ ਬਾਅਦ, ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਵੇਲੇ ਵੀ ਉਪਰੋਕਤ ਤਰਤੀਬ ਦਾ ਪੂਰਾ ਨਿਭਾਉ ਕੀਤਾ ਗਿਆ ਅਤੇ ਰਾਗਾਂ ਦੇ ਬਣਾਏ ਨੇਮ ਅਨੁਸਾਰ ਇਹ ਸਲੋਕ ਗੁਰੂ ਅਰਜਨ ਦੇਵ ਜੀ ਦੇ ਸਲੋਕਾਂ ਤੋਂ ਬਾਅਦ ਲਗਾਏ ਗਏ। ਇਹ ਜੜਤ ਇੰਨੀ ਵਿਗਿਆਨਕ ਹੈ ਕਿ ਕਿਤੇ ਵੀ ਉਕਾਈ ਦੀ ਕੋਈ ਗੁੰਜਾਇਸ਼ ਨਹੀਂ ਮਿਲ ਸਕਦੀ। ਅਖੀਰ ਵਿਚ ਸਾਰੀਬਾਣੀ ਨੂੰ ਪਵਿੱਤਰ ਗ੍ਰੰਥ ਦੇ ਰੂਪ ਵਿਚ ਨਿਰਵਿਘਨ ਮੁਕੰਮਲ ਹੋਣ ਤੇ ਪ੍ਰਮਾਤਮਾ ਦਾ ਸ਼ੁਕਰਾਨਾ ਕਰਦੇ ਹੋਏ 'ਮੁਦਾਵਣੀ' ਦੀ ਮੋਹਰ ਲਗਾ ਕੇ 'ਨਾਨਕ ਨਾਮ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ"

ਦੀ ਮਹਾਨ ਪੰਕਤੀ ਨਾਲ ਇਸ ਨੂੰ 'ਸੀਲ

ਬੰਦ' ਕੀਤਾ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਖੀਰ ਵਿਚ ਰਾਗ ਮਾਲਾ ਹੈ। ਰਾਗ ਮਾਲਾ ਦੀ ਰਚਨਾ ਕਿਸ ਵੱਲੋਂ ਅਤੇ ਕਦੋਂ ਕੀਤੀ ਗਈ, ਇਹ ਖੋਜ ਦਾ ਵਿਸ਼ਾ ਹੈ। 'ਰਾਗ ਇਕ ਸੰਗਿ ਪੰਚ ਬਰੰਗਨ' ਤੋਂ ਆਰੰਭ ਹੋ ਕੇ 'ਅਠਾਰਹ ਦੱਸ ਬੀਸ' ਨਾਲ ਸਮਾਪਤ ਹੁੰਦੀ ਰਾਗ ਮਾਲਾ ਵਿਚ ਛੇ ਮੁੱਖ ਰਾਗਾਂ, ਇਨ੍ਹਾਂ ਦੀਆਂ ਪੰਜ-ਪੰਜ ਪਤਨੀਆਂ ਦੇ ਨਾਮ ਅਤੇ ਅੱਗੋਂ ਇਨ੍ਹਾਂ ਦੇ ਅੱਠ-ਅੱਠ ਪੁੱਤਰਾਂ ਦੇ ਨਾਮ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਮ੍ਰਿਤ ਨਾਲ ਭਰਿਆ ਸਾਗਰ ਹੈ, ਜੋ ਇਸ ਵਿਚੋਂ ਅੰਮ੍ਰਿਤ ਛੱਕਦੇ ਹਨ, ਉਹ ਸਦੈਵ ਅਮਰ ਹੋ ਜਾਂਦੇ ਹਨ। ਗੁਰਬਾਣੀ ਪ੍ਰਕਾਸ਼ ਦਾ ਸੋਮਾ ਹੈ, ਜਿਸ ਨਾਲ ਸਾਰੇ ਜਗਤ ਵਿਚ ਪ੍ਰਕਾਸ਼ ਹੋ ਗਿਆ ਹੈ। ਗੁਰਬਾਣੀ ਵਿਚ ਮਿਥਿਹਾਸਕ ਕਥਾ-ਕਹਾਣੀਆਂ ਨਹੀਂ ਹਨ, ਨਾ ਹੀ ਗੁਰਬਾਣੀ ਵਿਚ ਅਵਤਾਰਾਂ ਦੇ ਚਰਿਤਰ ਲਿਖੇ ਗਏ ਹਨ, ਨਾ ਹੀ ਭਗਤਾਂ ਦੀਆਂ ਸਾਖੀਆਂ ਹਨ ਅਤੇ ਨਾ ਹੀ ਰਾਜਿਆਂ ਦੇ ਜਰ, ਜ਼ਮੀਨ ਲਈ ਲੜੇ ਗਏ ਯੁੱਧ ਹਨ।

ਗੁਰਬਾਣੀ ਵਿਚ ਬ੍ਰਹਮ ਵਿਚਾਰ, ਨਿਰਾਕਾਰ, ਪ੍ਰਾਬ੍ਰਹਮ ਦੇ ਸੱਤ ਸਰੂਪ ਦਾ ਵਰਨਨ ਹੈ। ਨਿਰੰਕਾਰ ਨਿਰਭੈ ਹੈ, ਨਿਰਵੈਰ ਹੈ, ਕਾਲ ਤੋਂ ਰਹਿਤ ਅਕਾਲ ਹੈ, ਅਗਮ ਹੈ, ਅਗੋਚਰ ਹੈ, ਸਰਵਗਯ ਹੈ, ਸਮਰੱਥ ਹੈ। ਇਸ ਵਾਸਤੇ ਗੁਰਬਾਣੀ ਨੂੰ 'ਧੁਰ ਦੀ ਬਾਣੀ' ਪ੍ਰਭੂ ਕੀ ਬਾਣੀ, ਗੋਵਿੰਦ ਕੀ ਬਾਣੀ, ਖਸਮ ਕੀ ਬਾਣੀ, ਸਤਿਗੁਰੂ ਕੀ ਬਾਣੀ, ਬ੍ਰਹਮ ਬਾਣੀ, ਅੰਮ੍ਰਿਤ ਬਾਣੀ ਕਿਹਾ ਗਿਆ ਹੈ। ਸਤਿਗੁਰੂ ਜੀ ਨੇ ਸਪੱਸ਼ਟ ਕਰ ਦਿੱਤਾ ਹੇ ਕਿ ਅਸੀਂ ਆਪਣੇ ਵੱਲੋਂ ਕੁਝ ਵੀ ਨਹੀਂ ਬੋਲ ਰਹੇ, ਇਹ ਸਾਰਾ ਵਾਹਿਗੁਰੂ ਦਾ ਆਪਣਾ ਕਥਨ ਹੈ।

ਹਉ ਆਪਹੁ ਬੋਲਿ ਨਾ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ।

1430 ਅੰਕਾਂ ਵਿਚ ਅੰਕਿਤ ਗੁਰੂ ਗ੍ਰੰਥ ਸਾਹਿਬ ਇਕ ਅਜਿਹੀ ਨਿਵੇਕਲੀ ਅਤੇ ਸਿੱਕੇਬੰਦ ਰਚਨਾ ਹੈ, ਜਿਸ ਦੇ ਮੁਕਾਬਲੇ ਵਿਚ ਸੰਸਾਰ ਦੀ ਕੋਈ ਵੀ ਹੋਰ ਰਚਨਾ ਮੇਚ ਨਹੀਂ ਆਉਂਦੀ। ਇਸ ਮਹਾਨ ਗ੍ਰੰਥ ਵਿਚ ਕਾਵਿਮਈ ਸ਼ੈਲੀ ਨਾਲ ਅਧਿਆਤਮਕ ਤੇ ਦਾਰਸ਼ਨਿਕ ਵਿਸ਼ੇ ਇੰਨੀ ਸੁਚੱਜਤਾ ਨਾਲ ਦਰਸਾਏ ਗਏ ਹਨ ਕਿ ਹਰ ਮਹਾਰਥੀ ਦਾ ਸਿਰ ਆਪ ਮੁਹਾਰੇ ਹੀ ਝੁੱਕ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਗੁਰੂਆਂ ਦੀ ਸਾਰੀ ਰਚਨਾ ਗੁਰੂਆਂ ਰਾਹੀਂ ਚੱਲਦੀ ਹੋਈ ਗੁਰੂ ਅਰਜਨ ਦੇਵ ਜੀ ਪਾਸ ਪਹੁੰਚੀ। ਆਪਣੇ ਸਮਕਾਲੀ ਜਾਂ ਪਹਿਲੇ ਹੋਏ ਭਗਤਾਂ ਦੀ ਬਾਣੀ ਗੁਰੂ ਨਾਨਕ ਦੇਵ ਜੀ ਨੇ ਇਕੱਤਰ ਕੀਤੀ। ਇਸ ਦੇ ਅਨੇਕਾਂ ਸਬੂਤ ਬਾਣੀ ਵਿਚੋਂ ਮਿਲ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਨੇ ਬਾਬਾ ਫਰੀਦ ਜੀ ਦੇ ਸ਼ਲੋਕਾਂ ਦੇ ਉਤਰ ਵਿਚ ਵੀ ਸਲੋਕ ਰਚੇ ਹਨ। ਬਾਕੀ ਭਗਤਾਂ ਦੀ ਬਾਣੀ ਗੁਰੂ ਅਰਜਨ ਦੇਵ ਜੀ ਨੇ ਵੱਖ-ਵੱਖ ਪ੍ਰਾਂਤਾਂ ਵਿਚ ਵਿਦਵਾਨ ਸੇਵਕਾਂ ਨੂੰ ਭੇਜ ਕੇ ਇਕੱਤਰ ਕੀਤੀ। ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੋਣ ਲਈ ਰਚਨਾ ਨੂੰ ਇਕ ਇਮਤਿਹਾਨ ਦੀ ਕਸਵੱਟੀ ਵਿਚੋਂ ਲੰਘਣਾ ਪੈਂਦਾ ਸੀ। ਗੁਰੂ ਜੀ ਨੇ ਪਰਖਿਆ ਕਿ ਰਚਨਾ ਵਿਚ ਹੰਕਾਰ ਨਾ ਹੋਵੇ, ਸਰਬ ਸ਼ਕਤੀਮਾਨ ਪ੍ਰਮਾਤਮਾ ਦੀ ਉਸਤਤਿ ਹੋਵੇ, ਉਸ ਦੇ ਬੇਅੰਤ ਗੁਣਾਂ ਵਿਚੋਂ ਕਿਸੇ ਗੁਣ ਦਾ ਪ੍ਰਗਟਾਵਾ ਜ਼ਰੂਰ ਮਿਲਦਾ ਹੋਵੇ, ਕਿਸੇ ਵਰਗ ਜਾਂ ਇਸਤਰੀ ਜਾਤੀ ਨੂੰ ਨੀਵਾਂ ਨਾ ਵਿਖਾਇਆ ਗਿਆ ਹੋਵੇ। ਇਸ ਕਸਵੱਟੀ ਤੇ ਪ੍ਰੀਖਿਆ ਵਿਚੋਂ ਜਿਹੜੀ ਰਚਨਾ ਪਾਸ ਹੋਈ, ਉਹ ਚਾਹੇ 'ਧੰਨੇ ਜੱਟ ਦੀ ਹੋਵੇ' ਜਾਂ 'ਸਦਨੇ ਕਸਾਈ ਦੀ' ਭਾਵੇਂ 'ਪੀਪੇ ਬ੍ਰਾਹਮਣ ਦੀ' ਤੇ ਭਾਵੇਂ 'ਭੀਖਣ ਮੁਸਲਮਾਨ ਦੀ', ਉਸ ਨੂੰ ਪੂਰਾ ਸਤਿਕਾਰ ਪ੍ਰਾਪਤ ਹੋਇਆ। ਗਿਆਰਾਂ ਮਿਰਾਸੀ ਭੱਟਾਂ ਨੂੰ ਵੀ ਵਿਸ਼ੇਸ਼ ਸਥਾਨ ਤੇ ਸਨਮਾਨ ਮਿਲਿਆ।

## ਭਗਤ ਬਾਣੀ ਦੀ ਤਰਤੀਬ

| | |
|---|---|
| 1. ਭਗਤ ਕਬੀਰ ਜੀ | 292 ਸਲੋਕ/ਸ਼ਬਦ |
| 2. ਬਾਬਾ ਫਰੀਦ ਜੀ | 134 ਸਲੋਕ/ਸ਼ਬਦ |
| 3. ਭਗਤ ਨਾਮਦੇਵ ਜੀ | 60 ਸਲੋਕ/ਸ਼ਬਦ |
| 4. ਭਗਤ ਰਵੀਦਾਸ ਜੀ | 41 ਸਲੋਕ/ਸ਼ਬਦ |
| 5. ਭਗਤ ਤ੍ਰਿਲੋਚਨ ਜੀ | 4 ਸਲੋਕ/ਸ਼ਬਦ |
| 6. ਭਗਤ ਧੰਨਾ ਜੀ | 4 ਸਲੋਕ/ਸ਼ਬਦ |
| 7. ਭਗਤ ਜੈ ਦੇਵ ਜੀ | 2 ਸਲੋਕ/ਸ਼ਬਦ |
| 8. ਭਗਤ ਬੇਣੀ ਜੀ | 3 ਸਲੋਕ/ਸ਼ਬਦ |
| 9. ਭਗਤ ਸੂਰਦਾਸ ਜੀ | 2 ਸਲੋਕ/ਸ਼ਬਦ |
| 10. ਭਗਤ ਭੀਖਣ ਜੀ | 2 ਸਲੋਕ/ਸ਼ਬਦ |
| 11. ਭਗਤ ਪਰਮਾਨੰਦ ਜੀ | 1 ਸਲੋਕ/ਸ਼ਬਦ |
| 12. ਭਗਤ ਸਧਨਾ ਜੀ | 1 ਸਲੋਕ/ਸ਼ਬਦ |
| 13. ਭਗਤ ਰਾਮਾਨੰਦ ਜੀ | 1 ਸਲੋਕ/ਸ਼ਬਦ |
| 14. ਭਗਤ ਪੀਪਾ ਜੀ | 1 ਸਲੋਕ/ਸ਼ਬਦ |
| 15. ਭਗਤ ਸੈਣ ਜੀ | 1 ਸਲੋਕ/ਸ਼ਬਦ |

ਗੁਰੂ ਗ੍ਰੰਥ ਸਾਹਿਬ ਜੀ ਇਕ ਵਿਸ਼ੇਸ਼ ਵਿਲੱਖਣਤਾ ਇਹ ਹੈ ਕਿ ਕਿਸੇ ਵੀ ਗੁਰੂ ਕਵੀ ਨੇ ਆਪਣੀ ਰਚਨਾ ਵਿਚ ਆਪਣਾ ਨਾਮ ਨਹੀਂ ਵਰਤਿਆ, ਸਿਵਾਏ ਗੁਰੂ ਨਾਨਕ ਦੇ ਨਾਮ ਤੋਂ। ਗੁਰੂ ਨਾਨਕ ਦੇਵ ਜੀ ਦੇ ਫਲਸਫੇ ਨੂੰ ਅੱਗੇ ਤੋਰਦੇ ਹੋਏ ਸਾਰੇ ਗੁਰੂਆਂ ਨੇ ਆਪਣੇ ਨਾਂ ਦੀ ਥਾਂ 'ਤੇ ਨਾਨਕ ਨਾਮ ਦੀ ਹੀ ਵਰਤੋਂ ਕੀਤੀ। ਵਿਦਵਾਨ ਸੰਪਾਦਕ ਗੁਰੂ ਜੀ ਨੇ ਪਾਠਕਾਂ ਦੀ ਅਗਵਾਈ ਲਈ ਹਰੇਕ ਗੁਰੂ ਜੀ ਦੀ ਬਾਣੀ ਦੇ ਸਿਰਲੇਖ ਵਿਚ ਰਾਗ ਤੋਂ ਪਿੱਛੋਂ ਮਹਲਾ ਪਹਿਲਾ, ਮਹਲਾ ਦੂਜਾ, ਮਹਲਾ ਤੀਜਾ ਆਦਿ ਅੰਕਿਤ ਕਰ ਦਿੱਤੇ। ਸਾਰੀ ਬਾਣੀ ਵਿਚ ਲਗਾਂ ਮਾਤਰਾਂ ਅਤੇ ਵਿਆਕਰਣ ਪੱਖੋਂ ਤਰਤੀਬ ਬਹੁਤ ਹੀ ਉਚ ਦਰਜੇ ਦੀ ਹੈ। ਲਗਾਂ ਮਾਤਰਾਂ ਨਾਲ ਹੀ ਇਕ ਵਚਨ, ਬਹੁ ਵਚਨ, ਲਿੰਗ, ਪੁਲਿੰਗ ਦੇ ਨਿਯਮ ਬਣਦੇ ਜਾਂਦੇ ਹਨ। ਜਿਥੇ ਵਿਸ਼ੇ ਦੀ ਇਕਸੁਰਤਾ ਤੇ ਇਕਸਾਰਤਾ ਮੰਨ ਨੂੰ ਸ਼ਾਂਤ ਰੱਸ ਵਿਚ ਮੰਤਰ-ਮੁਗਧ ਕਰਦੀ ਹੈ, ਉਥੇ ਬੋਲੀਆਂ ਦੀ ਭਿੰਨਤਾ ਅਤੇ ਨਿਵੇਕਲਤਾ ਵੀ ਸੁਆਦਮਈ ਹੈ। ਬਾਬਾ ਫਰੀਦ ਦੀ ਲਹਿੰਦੀ ਪੰਜਾਬੀ, ਭਗਤ ਤ੍ਰਿਲੋਚਨ ਤੇ ਨਾਮਦੇਵ ਦੀ ਮਰਾਠੀ ਰੰਗੀ ਪੰਜਾਬੀ, ਭਗਤ ਜੈ ਦੇਵ ਤੇ ਬੈਣੀ ਜੀ ਦੀ ਬੰਗਾਲ ਤੇ ਬਿਹਾਰ ਦੇ ਰਸ ਵਾਲੀ ਪੰਜਾਬੀ ਗੁਰੂ ਨਾਨਕ ਸਾਹਿਬ ਦੀ ਸੰਤ ਭਾਸ਼ਾ ਵਾਲੀ ਠੇਠ ਤੇ ਸਰਲ ਪੰਜਾਬੀ, ਗੁਰੂ ਅਰਜਨ ਦੇਵ ਜੀ ਦੀ ਅਸਾਨ ਤੇ ਆਮ ਵਰਤੋਂ ਵਾਲੀ ਪੰਜਾਬੀ ਦੀ ਵਿਭਿੰਨਤਾ ਸੁਆਦਮਈ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਦੂਸਰੇ ਗੁਰੂ ਸਾਹਿਬਾਨ ਵੀ ਗੁਰਬਾਣੀ ਦੇ ਸ਼ੁੱਧ ਪਾਠ ਕਰਨ ਦੇ ਉਪਦੇਸ਼ ਦਿੰਦੇ, ਗੁਰਬਾਣੀ ਦੇ ਅਰਥ ਦਸਦੇ ਰਹੇ, ਗੁਰਬਾਣੀ ਦੀ ਸੰਭਾਲ, ਸਤਿਕਾਰ ਦੇ ਵਿਸ਼ੇਸ਼ ਯਤਨ ਕਰਦੇ ਰਹੇ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਸ੍ਰੀ ਹਰਿਰਾਏ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਜੀਵਨ ਵਿਚ ਅਜਿਹੇ ਕਈ ਪ੍ਰਮਾਣ ਮਿਲਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਚ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਪਵਿੱਤਰ ਬੀੜ ਵਿਚ ਸ਼ਾਮਲ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਪੂੰਰਨਤਾ ਬਖਸ਼ੀ। ਇਹ ਮਾਣ ਕੇਵਲ ਸਿੱਖੀ ਨੂੰ ਪ੍ਰਾਪਤ ਹੈ ਕਿ ਧੁਰ ਕੀ ਬਾਣੀ ਨੂੰ ਧੁਰੋਂ ਆਏ ਸਤਿਗੁਰਾਂ ਨੇ ਆਪ ਸੰਗ੍ਰਹਿ ਕਰਕੇ ਪ੍ਰਕਾਸ਼ਿਤ ਕੀਤਾ ਹੈ।

ਗੁਰੂ ਗ੍ਰੰਥ ਸਾਹਿਬ ਸਿੱਖ ਕੌਮ ਦਾ ਇਕ ਅਜਿਹਾ ਅਮੋਲਿਕ ਖਜ਼ਾਨਾ ਹੈ, ਜਿਹੜੀ ਸਾਰੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲੈਣ ਦੀ ਸਮਰੱਥਾ ਰੱਖਦਾ ਹੈ। ਇਸ ਪਵਿੱਤਰ ਬਾਣੀ ਨੂੰ ਦਸ਼ਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਦਾ ਪੱਦ ਬਖਸ਼ ਕੇ ਇਕ ਨਿਵੇਕਲਾ ਕਾਰਜ ਕੀਤਾ। ਸੰਸਾਰ ਦੇ ਇਤਿਹਾਸ ਵਿਚ ਪਹਿਲੀ ਵਾਰ ਇਕ 'ਗ੍ਰੰਥ ਸਰੂਪ' ਨੂੰ 'ਗੁਰੂ ਸਰੂਪ' ਦਾ ਦਰਜਾ ਦਿੱਤਾ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਸਰੀਰਕ ਰੂਪ ਵਿਚ ਗੁਰਸਿੱਖੀ ਦੀ ਜੋਤ ਦੀ ਰਵਾਇਤ ਨੂੰ ਸਮੇਟ ਕੇ ਆਪਣੇ ਵਡੇਰਿਆਂ ਦੇ ਬਚਨਾਂ ਨੂੰ 'ਸ਼ਬਦ ਗੁਰੂ' ਦੇ ਪੱਦ ਨਾਲ ਸਨਮਾਨਤ ਕਰਕੇ ਸਿੱਖ ਸੰਗਤਾਂ ਨੂੰ 'ਗੁਰੂ ਮਾਨਿਓ ਗ੍ਰੰਥ' ਦਾ ਹੁਕਮ ਦਿੱਤਾ। ਆਪ ਜੀ ਦਾ ਇਹ ਸੰਦੇਸ਼ ਹਰ ਗੁਰਸਿੱਖ ਲਈ ਰਹਿੰਦੀ ਦੁਨੀਆ ਤੱਕ ਕਾਇਮ ਰਹੇਗਾ।

# ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ




ਸਰਬ ਸਾਂਝੀ ਗੁਰਬਾਣੀ ਦੀ ਇਹ ਸਤਰ '**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ**' ਸਾਡੀ ਮਨੁੱਖੀ ਜ਼ਿੰਦਗੀ ਦੀ ਹੋਂਦ ਬਾਰੇ ਬੜੀ ਹੀ ਅਹਿਮ ਹੈ। ਸਦੀਆਂ ਪਹਿਲਾਂ ਸਾਡੇ ਗੁਰੂ ਸਾਹਿਬਾਨਾਂ ਵੱਲੋਂ ਰਚੀਆਂ ਇਹ ਲਾਈਨਾਂ ਦੀ ਪੁਸ਼ਟੀ ਸਾਡੀ ਅੱਜ ਦੀ 21ਵੀਂ ਸਦੀ ਵਿਗਿਆਨ ਖੁਦ ਕਰਦੀ ਹੈ ਕਿ ਮਨੁੱਖੀ ਜੀਵਨ ਦੀ ਹੋਂਦ ਦਾ ਸੁਪਨਾ ਵੀ ਨਹੀਂ ਲਿਆ ਜਾ ਸਕਦਾ ਜੇ ਸਾਫ਼-ਸੁਥਰੀ ਹਵਾ (ਪਵਨ) ਸਵੱਛ ਪਾਣੀ ਤੇ ਸਿਹਤਮੰਦ ਜ਼ਮੀਨ ਨਾ ਹੋਵੇ ਏਸੇ ਕਰਕੇ ਗੁਰਬਾਣੀ ਵਿਚ ਹਵਾ ਨੂੰ ਗੁਰੂ ਦਾ, ਪਾਣੀ ਨੂੰ ਪਿਤਾ ਤੇ ਧਰਤੀ ਨੂੰ ਮਾਂ ਦਾ ਦਰਜਾ ਦਿੱਤਾ ਗਿਆ ਹੈ, ਪਰ ਅੱਜ ਕੀ ਹੋ ਰਿਹੈ, ਸਭ ਕੁਝ ਤਹਿਸ-ਨਹਿਸ, ਮਨੁੱਖੀ ਜੀਵਨ ਨੂੰ ਸਿਹਤਮੰਦ ਰੱਖਣ ਵਾਲੀਆਂ ਇਹ ਤਿੰਨੋਂ ਕੁਦਰਤੀ ਦਾਤਾਂ ਅੱਜ ਸਿਰਫ਼ ਤੇ ਸਿਰਫ਼ ਮਨੁੱਖੀ ਗਲਤੀਆਂ ਕਰਕੇ ਆਪਣੀ ਅਸਲ ਹੋਂਦ ਤੋਂ ਦੂਰ ਜਾ ਰਹੀਆਂ ਹਨ, ਬੁਰੀ ਤਰ੍ਹਾਂ ਪ੍ਰਦੂਸ਼ਤ ਹੋ ਰਹੀਆਂ ਹਨ, ਕਹਿੰਦੇ ਨੇ ਦੁਨੀਆਂ ਸਿਰਫ਼ 25% ਧਰਤੀ ਉੱਪਰ ਵਸੀ ਹੋਈ ਹੈ ਬਾਕੀ 75% ਪਾਣੀ ਹੀ ਪਾਣੀ ਏ, ਪਰ ਅੱਜ ਅਸੀਂ ਸਾਫ਼-ਸੁਥਰੇ ਪਾਣੀ ਦੀ ਬੂੰਦ-ਬੂੰਦ ਲਈ ਤਰਸ ਰਹੇ ਹਾਂ, ਸੂਇਆਂ (ਕੱਸੀ) ਕਿਨਾਰੇ ਸਵੱਛ ਪਾਣੀ ਦੇ ਫੁਟਦੇ ਸੂਏ (ਝਰਨੇ) ਅੱਜ ਕਿਤੇ ਭਾਲਿਆਂ ਨਹੀਂ ਲੱਭਦੇ, ਪਾਣੀਆਂ ਦਾ ਪੱਧਰ ਡੂੰਘਾ ਹੋ ਰਿਹੈ, ਕੈਮੀਕਲ ਭਰਪੂਰ ਫੈਕਟਰੀਆਂ ਦਾ ਗੰਦ ਪਾਣੀ ਖਰਾਬ ਕਰ ਰਿਹੈ ਤੇ ਨਾਲ ਹੀ ਨਾਲ ਸਵੱਛ ਹਵਾ ਵਿਚ ਵਾਤਾਵਰਣ ਵਿਚ ਜ਼ਹਿਰ ਘੋਲ ਰਿਹੈ, ਸਾਫ਼ ਪਾਣੀ ਪੀਣ ਦੀ ਚਾਹਤ ਨਾਲ ਮਨੁੱਖ ਆਪਣੀ ਜੜ੍ਹ ਤੋਂ ਟੁੱਟ ਕੇ ਨਵੀਆਂ ਤਕਨੀਕਾਂ ਨਾਲ ਧਰਤੀ ਦੀ ਹਿੱਕ ਚੀਰ ਕੇ ਹੋਰ ਡੂੰਘੇ ਬੋਰ ਕਰ ਰਿਹੈ, ਮਾਤਾ ਦੇ ਦਰਜੇ ਵਾਲੀ ਧਰਤੀ ਨੂੰ ਲਹੂ-ਲੁਹਾਣ ਕੀਤਾ ਜਾ ਰਿਹੈ, ਕੀਟਨਾਸ਼ਕ ਦਵਾਈਆਂ ਨੇ ਰੇਹਾਂ (ਖਾਦ) ਨੇ ਧਰਤੀ ਦੀ ਉਪਜਾਊ ਸ਼ਕਤੀ ਖੋਹ ਲਈ ਹੈ, ਮਨੁੱਖੀ ਸ਼ੈਤਾਨ ਦਿਮਾਗ਼ ਉਪਜਾਊ ਸ਼ਕਤੀ ਵਧਾਉਣ ਲਈ ਹੋਰ ਵਿਗਿਆਨਕ ਤਕਨੀਕਾਂ ਨਾਲ ਕੋਸ਼ਿਸ਼ ਕਰਦਾ ਹੈ ਜਿਸ ਨਾਲ ਧਰਤੀ ਦੀ ਕੁੱਖ ਬਾਂਝ ਹੋ ਰਹੀ ਏ, ਪਰ ਅਸੀਂ ਸਾਡੀਆਂ ਸਰਕਾਰਾਂ, ਸਾਡੇ ਵਿਗਿਆਨੀ ਜਾਂ ਅਖੌਤੀ ਸਮਾਜ ਸੇਵੀ ਸਿਰਫ਼ ਸਟੇਜ਼ਾਂ ਦੇ ਭਾਸ਼ਣਾਂ ਜਾਂ ਅਖ਼ਬਾਰਾਂ ਦੀ ਸੁਰਖੀ ਬਣਨ ਤੱਕ ਸੀਮਿਤ ਹਨ। ਮਨੁੱਖੀ ਜੀਵਨ ਕੁਦਰਤ ਉੱਪਰ ਨਿਰਭਰ ਕਰਦਾ ਹੈ ਜੋ ਮਨੁੱਖ ਕੁਦਰਤੀ ਨਿਯਮਾਂ ਅਨੁਸਾਰ ਚੱਲੇਗਾ ਤਾਂ ਵਧੀਆ ਜ਼ਿੰਦਗੀ ਦੀ ਆਸ ਰੱਖ ਸਕਦਾ ਹੈ, ਪਰ ਅੱਜ ਦਾ ਮਨੁੱਖ ਏਡਾ ਮਹਾਨ ਹੋ ਗਿਆ ਹੈ ਕਿ ਪਾਣੀਆਂ ਦੇ ਵਹਿਣ ਨੂੰ ਬੰਨ ਮਾਰਨ ਦਾ ਦਾਅਵਾ ਕਰਦਾ, ਹਵਾਵਾਂ ਦੇ ਮੁੱਖ ਮੋੜਨ ਦੀ ਗੱਲ ਕਰਦਾ, ਪਰ ਜਦੋਂ ਸੁਨਾਮੀ ਜਾਂ ਉਤਰਾਖੰਡ ਵਰਗੇ ਵੱਡੇ-ਵੱਡੇ ਧਮਾਕੇ ਹੁੰਦੇ ਹਨ ਤਾਂ ਕੁਝ ਸਮੇਂ ਲਈ ਕੁਦਰਤ ਨੂੰ ਯਾਦ ਕਰਦਾ ਹੈ, ਥੋੜ੍ਹੇ ਸਮੇਂ ਬਾਅਦ ਫਿਰ ਉਹੀ ਬੱਜਰ ਗਲਤੀਆਂ ਦੁਹਰਾਉਂਦਾ ਏ ਜਿਨ੍ਹਾਂ ਨਾਲ ਆਉਣ ਵਾਲਾ ਮਨੁੱਖੀ ਜੀਵਨ ਨਰਕ ਬਣ ਜਾਏਗਾ। ਪਹਿਲਾਂ ਧਰਤੀ ਮਾਂ ਦੀ ਹਿੱਕ 'ਚੋਂ ਨਿਕਲਦੇ ਸਵੱਛ ਪਾਣੀ ਨੂੰ ਗੰਧਲਾ ਕੀਤਾ ਜਾਂਦਾ ਫਿਰ ਸਾਡੇ ਅਮੀਰ ਘਰਾਣੇ ਮੋਟੀਆਂ ਕਮਾਈਆਂ ਕਰਨ ਲਈ ਆਰ.ਓ. ਵਰਗੇ ਸਿਸਟਮਾਂ ਨੂੰ ਮਾਰਕੀਟ ਵਿਚ ਲਿਆਉਂਦੇ ਹਨ। 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦੀਆਂ ਇਹ ਪਵਿੱਤਰ ਸਤਰਾਂ ਅਸੀਂ ਅਕਸਰ ਪੜ੍ਹਦੇ ਹਾਂ, ਲਿਖਦੇ ਹਾਂ, ਸੁਣਦੇ ਹਾਂ ਤੇ ਸੁਣਾਉਂਦੇ ਹਾਂ। ਬਸ ਇਹਨਾਂ ਉੱਪਰ ਵਿਚਾਰ ਨਹੀਂ ਕਰਦੇ, ਜਿੰਨਾਂ ਚਿਰ ਅਸੀਂ ਉਪਰੋਕਤ ਸ਼ਬਦਾਂ ਉੱਪਰ ਵਿਚਾਰ ਨਹੀਂ ਕਰਦੇ, ਉਹਨਾਂ ਦੀਆਂ ਡੂੰਘਾਈਆਂ ਨਹੀਂ ਨਾਪਦੇ, ਕੁਦਰਤ ਦੀਆਂ ਦਿੱਤੀਆਂ ਅਨਮੋਲ ਦਾਤਾਂ ਨੂੰ ਨਹੀਂ ਸਾਂਭਦੇ, ਓਨਾ ਚਿਰ ਅਸੀਂ ਵਧੀਆ ਜੀਵਨ ਨਹੀਂ ਜੀਅ ਸਕਦੇ, ਹਰ ਇਨਸਾਨ ਦਾ ਇਹ ਮੁੱਢਲਾ ਫਰਜ਼ ਬਣਦਾ ਕਿ ਅਸੀਂ ਆਪਣੇ ਆਲੇ-ਦੁਆਲੇ ਪ੍ਰਤੀ ਚੇਤੰਨ ਹੋਈਏ ਤਾਂ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਨਸਲਾਂ ਦਾ ਭਵਿੱਖ ਸੁਧਾਰ ਸਕਦੇ ਹਾਂ।


**ਹਰਪ੍ਰੀਤ ਕੌਰ ਪੇਲੀਆ**
**ਜਨਰਲ ਸਕੱਤਰ**
**98763-58250**




# ਗਿਆਨ ਦੇ ਸਾਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ




ਜੋਗਿੰਦਰ ਸਿੰਘ ਅਜੈਬ
ਆਊਟਲਾਈਨ ਐਡੀਟਰ
98152-69145



ਭੁੱਲੀ-ਭਟਕੀ ਦੁਨੀਆਂ ਨੂੰ ਸਹੀ ਰਸਤਾ ਦਿਖਾਉਣ ਲਈ, ਕਾਮ-ਕ੍ਰੋਧ-ਲੋਭ-ਮੋਹ-ਹੰਕਾਰ ਵਿੱਚ ਫਸੀ ਲੋਕਾਈ ਨੂੰ ਚੁਰਾਸੀ ਲੱਖ ਜੂਨਾਂ ਤੋਂ ਛੁਟਕਾਰਾ ਦਿਵਾਉਣ ਲਈ, ਦੁਲੱਭ ਮਨੁੱਖਾ ਜੀਵਨ ਨੂੰ ਸਫਲ ਬਣਾਉਣ ਲਈ, ਗੁਰੂ ਸਾਹਿਬਾਨ ਨੇ ਗਿਆਨ ਦੇ ਸਾਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਉਨ੍ਹਾਂ ਛੱਤੀ ਮਹਾਂਪੁਰਸ਼ਾਂ ਦੀ ਅੰਮ੍ਰਿਤਮਈ ਬਾਣੀ ਦਰਜ ਕੀਤੀ ਗਈ ਹੈ, ਜੋ ਪਰਮਾਤਮਾ ਦੇ ਨਾਲ ਇੱਕ-ਮਿੱਕ ਸਨ ਅਤੇ ਜਿਨ੍ਹਾਂ ਦੇ ਬਚਨ ਪਰਮਾਤਮਾ ਦੇ ਨਾਲ ਇੱਕ-ਮਿੱਕ ਸਨ ਅਤੇ ਜਿਨ੍ਹਾਂ ਦੇ ਬਚਨ ਪਰਮਾਤਮਾ ਦੇ ਹੀ ਬਚਨ ਸਨ। ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਬਾਣੀ ਨੂੰ ਧੁਰ ਕੀ ਬਾਣੀ ਕਿਹਾ ਗਿਆ ਹੈ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ, "**ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥**" ਇਸ ਅੰਮ੍ਰਿਤਮਈ ਬਾਣੀ ਵਿੱਚ ਹਰ ਇੱਕ ਪ੍ਰਾਣੀ ਨੂੰ ਆਪਣਾ ਅਨਮੋਲ ਜੀਵਨ ਸਫਲ ਕਰਨ ਲਈ ਜ਼ਿੰਦਗੀ ਦੇ ਹਰ ਪਹਿਲੂ ਤੋਂ ਸੇਧ ਦਿੱਤੀ ਗਈ ਹੈ।


ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੂਰਨ ਸੰਤਾਂ, ਮਹਾਂਪੁਰਸ਼ਾਂ, ਪਰਮਾਤਮਾ ਦੇ ਸੱਚੇ-ਸੁੱਚੇ ਪ੍ਰਭੂ-ਰੂਪ ਹੋ ਚੁੱਕੇ ਭਗਤਾਂ ਪਾਸੋਂ ਇਹ ਅੰਮ੍ਰਿਤਮਈ ਬਾਣੀ ਇਕੱਤਰ ਕੀਤੀ। ਇਸ ਅੰਮ੍ਰਿਤਮਈ ਧੁਰ ਕੀ ਬਾਣੀ ਦੇ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਇਲਾਹੀ ਬਾਣੀ ਸ਼ਾਮਲ ਕਰਕੇ ਸਾਰੀ ਬਾਣੀ ਨੂੰ ਪੋਥੀ ਸਾਹਿਬ ਦਾ ਰੂਪ ਦਿੱਤਾ। ਇਹ ਪੋਥੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਨੂੰ ਸੌਂਪੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਪੋਥੀ ਸਾਹਿਬ ਵਿੱਚ ਆਪਣੀ ਇਲਾਹੀ ਬਾਣੀ ਦਰਜ ਕਰਕੇ ਪੋਥੀ ਸਾਹਿਬ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੂੰ ਸੌਂਪੀ। ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਨੂਰੀ ਬਾਣੀ ਪੋਥੀ ਸਾਹਿਬ ਵਿੱਚ ਦਰਜ ਕਰਕੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮ ਦਾਸ ਜੀ ਨੂੰ ਸੌਂਪੀ। ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਅੰਮ੍ਰਿਤਮਈ ਬਾਣੀ ਇਸ ਪੋਥੀ ਵਿੱਚ ਅੰਕਿਤ ਕਰਕੇ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਇਹ ਪੋਥੀ ਸਾਹਿਬ ਸੌਂਪੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸਾਰੀ ਇਕੱਤਰ ਕੀਤੀ ਅੰਮ੍ਰਿਤਮਈ ਬਾਣੀ ਅਤੇ ਆਪਣੀ ਉਚਾਰਨ ਕੀਤੀ ਧੁਰ ਕੀ ਬਾਣੀ ਨੂੰ ਆਦਿ ਗ੍ਰੰਥ ਸਾਹਿਬ ਦੇ ਰੂਪ ਵਿੱਚ ਇਕੱਤਰ ਕਰਕੇ ਵਾਹਿਗੁਰੂ ਦੇ ਨਾਮ ਦਾ ਜਹਾਜ ਤਿਆਰ ਕੀਤਾ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਪਵਿੱਤਰ ਗ੍ਰੰਥ ਸਾਹਿਬ ਲਿਖਣ ਦੀ ਜ਼ਿੰਮੇਵਾਰੀ ਸੌਂਪੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਮਈ ਬਾਣੀ ਲਿਖਾਈ ਅਤੇ ਭਾਈ ਗੁਰਦਾਸ ਜੀ ਨੇ ਲਿਖੀ। ਪਵਿੱਤਰ ਆਦਿ ਗ੍ਰੰਥ ਤਿਆਰ ਕਰਨ ਲਈ ਤਕਰੀਬਨ ਇੱਕ ਸਾਲ ਲੱਗਾ। ਸ੍ਰੀ

ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਆਦਿ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਇਕ ਸਤੰਬਰ 1604 ਈ. ਨੂੰ ਹੋਇਆ। ਬਾਬਾ ਬੁੱਢਾ ਜੀ ਨੂੰ ਪਹਿਲੇ ਹੈੱਡ ਗ੍ਰੰਥੀ ਥਾਪਿਆ ਗਿਆ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਉਪ੍ਰੰਤ ਸਰਬਤ ਸ਼ਹੀਦਾਂ ਨਮਿਤ ਸ੍ਰੀ ਗ੍ਰੰਥ ਸਾਹਿਬ ਜੀ ਦਾ ਪਾਠ ਕਰਵਾਉਣ ਦਾ ਵਿਚਾਰ ਬਣਾਇਆ। ਆਪ ਜੀ ਨੇ ਕੁਝ ਸਿੰਘਾਂ ਨੂੰ ਕਰਤਾਰਪੁਰ ਭੇਜਿਆ ਕਿ ਉਹ ਸ੍ਰੀ ਗ੍ਰੰਥ ਸਾਹਿਬ ਦੀ ਬੀੜ ਲੈ ਆਉਣ। ਧੀਰ ਮਲ ਨੇ ਆਦਿ ਸ੍ਰੀ ਗ੍ਰੰਥ ਸਾਹਿਬ ਦੀ ਬੀੜ ਸਿੰਘਾਂ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਬੋਲ-ਕੁਬੋਲ ਵੀ ਬੋਲੇ। ਇਹ ਵੀ ਮਿਹਣਾ ਮਾਰਿਆ ਕਿ ਜੇ ਤੁਹਾਡਾ ਗੁਰੂ ਪੂਰਾ ਹੈ ਤਾਂ ਆਪ ਗ੍ਰੰਥ ਲਿਖ ਲਵੇ। ਧੀਰਮਲ ਦਾ ਕੋਰਾ ਜਵਾਬ ਆਉਣ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਾਉਣ ਦਾ ਕਾਰਜ ਆਰੰਭਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਧੁਰ ਕੀ ਅੰਮ੍ਰਿਤਮਈ ਬਾਣੀ ਲਿਖਾਈ ਜਾਂਦੇ ਅਤੇ ਭਾਈ ਮਨੀ ਸਿੰਘ ਜੀ ਲਿਖੀ ਜਾਂਦੇ। ਸਾਰੀ ਬਾਣੀ ਦੇ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਜਿਸ ਰਾਗ ਵਿੱਚ ਰਚੀ ਗਈ ਸੀ, ਉਸੇ ਰਾਗ ਵਿੱਚ ਦਰਜ ਕੀਤੀ। ਤਕਰੀਬਨ ਛੇ ਮਹੀਨੇ ਦੇ ਅਰਸੇ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਬੀੜ ਲਿਖਵਾਈ। ਸਾਬੋ ਕੀ ਤਲਵੰਡੀ ਵਿਖੇ ਇਹ ਬੀੜ ਲਿਖਵਾਈ ਗਈ ਅਤੇ ਗੁਰੂ ਸਾਹਿਬ ਨੇ ਇਸ ਨਗਰੀ ਦਾ ਨਾਂ 'ਗੁਰੂ ਕੀ ਕਾਂਸ਼ੀ' ਰੱਖਿਆ। ਇੱਥੇ ਇਤਿਹਾਸਿਕ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਹੈ, ਇਸ ਅਸਥਾਨ ਨੂੰ ਸਿੱਖ ਪੰਥ ਦਾ ਪੰਜਵਾਂ ਤਖਤ ਮੰਨਿਆ ਜਾਂਦਾ ਹੈ। ਗੁਰੂ ਕੀ ਕਾਂਸ਼ੀ ਵਿੱਚ ਸਤਿਗੁਰੂ ਜੀ ਨੇ ਲੱਗਭਗ ਗਿਆਰਾਂ ਮਹੀਨੇ ਨਿਵਾਸ ਰੱਖਿਆ ਅਤੇ ਸ੍ਰੀ ਗ੍ਰੰਥ ਸਾਹਿਬ ਲਿਖਵਾਉਣ ਦਾ ਕਾਰਜ ਸੰਪੂਰਨ ਕੀਤਾ। ਭਾਵੇਂ ਗੁਰੂ ਸਾਹਿਬਾਨ ਆਪਣੇ ਤੋਂ ਵੱਧ ਅਦਬ ਸ਼ਬਦ, ਬਾਣੀ ਅਤੇ ਪੋਥੀ ਸਾਹਿਬ ਨੂੰ ਦਿੰਦੇ ਸਨ, ਪਰ ਗ੍ਰੰਥ ਸਾਹਿਬ ਨਾਲ 'ਗੁਰੂ' ਸ਼ਬਦ 7 ਅਕਤੂਬਰ 1708 ਈ. ਤੋਂ ਲਾਉਣਾ ਆਰੰਭ ਹੋਇਆ, ਜਦੋਂ ਅਬਚਲ ਨਗਰ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਤਾ-ਗੱਦੀ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿੱਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪੈਸੇ ਤੇ ਨਾਰੀਅਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਭੇਟ ਰੱਖ ਮੱਥਾ ਟੇਕਿਆ। ਸਰਬੱਤ ਸੰਗਤ ਨੂੰ ਕਿਹਾ ਕਿ ਅੱਜ ਤੋਂ ਹੁਕਮ ਹੈ, ਮੇਰੀ ਜਗ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋ ਗੁਰੂ ਜਾਨਣਾ, ਜੋ ਸਿੱਖ ਜਾਨੇਗਾ ਉਸ ਕੀ ਘਾਲ ਥਾਇ ਪਏਗੀ। ਗੁਰੂ ਤਿਸ ਕੀ ਬਹੁੜੀ ਕਰੇਗਾ, ਸਤ ਕਰ ਮੰਨਣਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲਿਖਵਾਈ ਅਤੇ ਭਾਈ ਮਨੀ ਸਿੰਘ ਜੀ ਵੱਲੋਂ ਲਿਖੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਇਸੇ ਦਮਦਮੀ ਬੀੜ ਦੇ ਉਤਾਰੇ ਨੂੰ ਗੁਰਗੱਦੀ ਦਿੱਤੀ ਗਈ। ਇਸੇ ਬੀੜ ਦੇ ਉਤਾਰੇ ਨੂੰ 'ਸ਼ਬਦ ਗੁਰੂ' ਮੰਨਣ ਦੇ ਹੁਕਮ ਹੋਏ। ਇਸੇ ਹੀ ਸ਼ਬਦ ਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਹੋਰ ਰੂਪ ਛਪ ਕੇ ਤਿਆਰ ਹੋਏ ਅਤੇ ਅੱਜ ਕੱਲ੍ਹ ਇਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਸਭ ਸੰਗਤਾਂ ਵਿੱਚ ਪ੍ਰਚਲਤ ਹਨ।



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ '**ਜੁਗੋ ਜੁਗ ਅਟੱਲ ਗੁਰੂ**' ਦਾ ਦਰਜਾ ਦਿੰਦਿਆਂ, ਇਸ ਵਿੱਚ ਅੰਕਿਤ 36 ਮਹਾਂਪੁਰਖਾਂ ਦੀ ਅੰਮ੍ਰਿਤਮਈ ਬਾਣੀ ਨੂੰ 'ਗੁਰਬਾਣੀ' ਦਾ ਦਰਜਾ ਦਿੱਤਾ ਅਤੇ 36 ਮਹਾਂਪੁਰਖਾਂ ਨੂੰ ਇੱਕੋ ਜਿਹਾ ਸਤਿਕਾਰ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਤੇ ਗੁਰਬਾਣੀ ਤੋਂ ਸਿੱਖਿਆ ਲੈ ਕੇ ਗਿਆਨ ਪ੍ਰਾਪਤ ਕਰਕੇ ਜੀਵਨ ਸਫਲਾ ਕਰਨ ਲਈ ਹੁਕਮ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਹੁਕਮ ਤੋਂ ਬਾਅਦ ਗੁਰਬਾਣੀ ਨੂੰ ਭਗਤ ਬਾਣੀ ਜਾਂ ਭੱਟ ਬਾਣੀ ਦੇ ਰੂਪ ਵਿੱਚ ਵੰਡਣਾ ਕਦਾਚਿਤ ਉਚਿਤ ਨਹੀਂ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਸਾਰੀ ਅੰਮ੍ਰਿਤਮਈ ਬਾਣੀ 'ਗੁਰਬਾਣੀ' ਹੈ ਅਤੇ ਇਨ੍ਹਾਂ ਦੇ ਰਚੇਤੇ ਮਹਾਂਪੁਰਖਾਂ ਨੂੰ ਕਿਸੇ ਜਾਤ-ਪਾਤ, ਇਲਾਕੇ ਜਾਂ ਵਰਣ-ਵੰਡ ਦੇ ਨਾਂ ਤੇ ਉੱਚੇ-ਨੀਵੇਂ ਦੱਸਣਾ ਅਤੇ ਭਗਤ ਜਾਂ ਗੁਰੂ ਦੇ ਰੂਪ ਵਿੱਚ ਵੰਡੀਆਂ ਪਾਉਣਾ ਗੁਰੂ-ਆਸ਼ੇ ਦੇ ਅਨੁਕੂਲ ਨਹੀਂ। ਸਾਰੇ ਭਾਈਚਾਰਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਹਿਨੁਮਾਈ ਅਤੇ ਰੂਹਾਨੀ ਅਗਵਾਈ ਵਿੱਚ ਜੋੜਣਾ ਅਤੇ ਸਦਾ ਲਈ ਜੋੜੀ ਰੱਖਣਾ ਸਿੱਖ ਗੁਰੂ ਸਾਹਿਬਾਨ ਦਾ ਮੰਤਵ ਸੀ।

ਗੁਰਬਾਣੀ ਨੇ ਵਾਰ-ਵਾਰ ਮਨੁੱਖ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਸ ਨੇ 'ਸੱਚ' ਨੂੰ ਪਾਉਣਾ ਹੈ ਤਾਂ ਬਾਹਰਲੇ ਭੇਖਾਂ-ਪਾਖੰਡਾਂ ਨੂੰ ਤਿਆਗ ਕੇ ਅੰਦਰੋਂ ਹਿਰਦੇ ਤੋਂ ਸੱਚੇ ਹੋਣਾ ਪਵੇਗਾ। ਸੱਚ ਤਾਂ ਇਹ ਹੈ ਕਿ ਜੋ ਪ੍ਰਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਵਿੱਚ ਆ ਕੇ ਗੁਰਬਾਣੀ ਨੂੰ ਸ਼ਰਧਾ ਨਾਲ ਵਿਚਾਰੇਗਾ, ਉਸ ਤੇ ਨਿਸਚਾ ਲਿਆਵੇਗਾ, ਤਨੋਂ-ਮਨੋਂ ਗੁਰਬਾਣੀ ਦੀ ਸਿੱਖਿਆ ਨੂੰ ਮੰਨੇਗਾ, ਉਸ ਅਨੁਸਾਰ ਆਪਣਾ ਜੀਵਨ ਢਾਲੇਗਾ, ਉਹ ਪ੍ਰਾਣੀ ਭਵਜਲ ਤੋਂ ਪਾਰ ਉਤਰ ਕੇ ਮੁਕਤ ਹੋਵੇਗਾ। ਗੁਰੂ ਕੀ ਸ਼ਰਨ ਵਿੱਚ ਆਉਣ ਵਾਲੇ ਪ੍ਰਾਣੀ ਦਾ ਲੋਕ ਸੁਖੀ ਅਤੇ ਪਰਲੋਕ ਸੁਹੇਲਾ ਹੁੰਦਾ ਹੈ।

ਇਸ ਸਾਲ 22 ਅਗਸਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਨਾਏ ਗਏ ਪਹਿਲੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹਿਲੀ ਵਾਰ ਵੱਡੀ ਪੱਧਰ 'ਤੇ ਵਿਸ਼ੇਸ਼ ਕਿਸਮ ਦੀ ਵਿਦੇਸ਼ੀ ਫੁੱਲਾਂ ਨਾਲ ਕੀਤੀ ਗਈ ਸਜਾਵਟ ਸ਼ਰਧਾਲੂਆਂ ਨੂੰ ਮੋਹ ਰਹੀ ਸੀ। ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸਾਰੇ ਕੰਪਲੈਕਸ ਨੂੰ ਰੰਗ ਬਿਰੰਗੇ ਮਹਿਕਾਂ ਬਿਖੇਰ ਰਹੇ ਕਈ ਟਨ ਲਾਲ, ਪੀਲੇ, ਗੁਲਾਬੀ, ਚਿੱਟੇ, ਅਸਮਾਨੀ ਤੇ ਹੋਰ ਰੰਗਾਂ ਦੇ ਸੁੰਦਰ ਮਹਿੰਗੇ ਫੁੱਲ ਏਅਰ ਕੰਡੀਸ਼ਨਡ ਟਰੱਕਾਂ ਤੇ ਹਵਾਈ ਜਹਾਜ਼ ਰਾਹੀਂ ਮੰਗਵਾ ਕੇ ਸੇਵਾ ਕਰਨ ਵਾਲੇ ਸ਼ਰਧਾਲੂ ਪਰਿਵਾਰਾਂ ਨੇ 100 ਦੇ ਕਰੀਬ ਵਿਸ਼ੇਸ਼ ਕਾਰੀਗਰ ਅਤੇ ਹੋਰ ਸੰਗਤਾਂ ਰਾਹੀਂ ਦਿਨ ਰਾਤ ਸੇਵਾ ਕਰਕੇ ਵੱਖ-ਵੱਖ ਅਕਾਰ ਤੇ ਡਿਜ਼ਾਇਨ ਤੇ ਰੰਗ ਬਿਰੰਗੇ ਫੁੱਲਾਂ, ਪੱਤੀਆਂ, ਹਾਰ, ਫੁੱਲਾਂ ਦੀਆਂ ਟੋਕਰੀਆਂ, ਗੁਲਦਸਤੇ ਅਤੇ ਲੜੀਆਂ ਆਦਿ ਤਿਆਰ ਕਰਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਮੁੱਖ ਭਵਨ ਦਰਸ਼ਨੀ ਡਿਉਢੀ, ਸ੍ਰੀ ਹਰਿਮੰਦਰ ਸਾਹਿਬ ਜੀ ਨੂੰ ਜਾਂਦੇ ਪੁੱਲ ਵਾਲੇ ਰਸਤੇ, ਸ੍ਰੀ ਕੋਠਾ ਸਾਹਿਬ ਅਤੇ ਸ੍ਰੀ ਅਕਾਲ ਅਕਾਲ ਤਖ਼ਤ ਸਾਹਿਬ ਵਿਖੇ ਕੀਤੀ ਗਈ ਸਜਾਵਟ ਸ਼ਰਧਾਲੂਆਂ ਨੂੰ ਮੋਹ ਰਹੀ ਸੀ।

## ਇਲਾਕੇ ਦੀ ਸੇਵਾ ਕਰ ਰਿਹਾ ਵਿੱਦਿਅਕ ਅਦਾਰਾ

# ਸੰਤ ਪ੍ਰੇਮ ਸਿੰਘ ਕਰਮਸਰ ਖਾਲਸਾ ਕਾਲਜ ਬੇਗੋਵਾਲ (ਕਪੂਰਥਲਾ)

**ਜੋਗਿੰਦਰ ਸਿੰਘ ਅਜੈਬ**




ਬਾਵਾ ਹਰਨਾਮ ਸਿੰਘ ਜੀ ਸਾਬਕਾ ਰਾਜ ਮੰਤਰੀ (ਖੇਤੀਬਾੜੀ ਅਤੇ ਜੰਗਲਾਤ) ਇਲਾਕੇ ਨੂੰ ਇਸ ਵਿੱਦਿਆ ਦਾ ਦਿੱਤਾ ਹੋਇਆ ਵਰਦਾਨ ਸਦਕਾ ਸਧਾਰਨ ਪਰਿਵਾਰਾਂ ਦੀਆਂ ਬੇਟੀਆਂ ਅਤੇ ਲੜਕੇ ਇਸ ਸੰਸਥਾ ਤੋਂ ਤਾਲੀਮ ਹਾਸਲ ਕਰਕੇ ਸਮਾਜ ਵਿਚ ਅਧਿਆਪਕ, ਮਿਲਟਰੀ, ਸਿਵਲ ਸੇਵਾਵਾਂ ਅਤੇ ਹੋਰ ਖੇਤਰਾਂ ਵਿਚ ਸਮਾਜ ਦੀ ਸੇਵਾ ਕੀਤੀ। ਉਥੇ ਇਸ ਇਲਾਕੇ ਦੇ ਨੌਜਵਾਨਾਂ ਨੇ ਯੂਰੋਪ, ਅਮਰੀਕਾ ਅਤੇ ਕੈਨੇਡਾ ਵਰਗੇ ਵਿਕਸਿਤ ਦੇਸ਼ਾਂ ਵਿਚ ਪਹੁੰਚ ਕੇ ਆਪਣੀ ਜ਼ਿੰਦਗੀ ਨੂੰ ਚੰਗੇ ਤਰੀਕੇ ਨਾਲ ਸੈੱਟ ਕੀਤਾ ਅਤੇ ਆਪਣੇ ਮਾਪਿਆਂ ਤੇ ਭੈਣ-ਭਰਾਵਾਂ ਨੂੰ ਵੀ ਵਿਦੇਸ਼ਾਂ ਦੀ ਨਾਗਰਿਕਤਾ ਦੁਆਈ। ਉਨ੍ਹਾਂ ਦਿਨਾਂ ਵਿਚ ਟਾਂਡਾ ਉੜਮੁੜ ਤੋਂ ਜਲੰਧਰ ਤੱਕ ਅਤੇ ਕਪੂਰਥਲੇ ਦੇ ਵਿਚਕਾਰ ਕੋਈ ਕਾਲਜ ਨਹੀਂ ਸੀ, ਜੋ ਬਾਵਾ ਹਰਨਾਮ ਸਿੰਘ ਜੀ ਦੀ ਬਦੌਲਤ ਇਸ ਇਲਾਕੇ ਨੂੰ ਪ੍ਰਾਪਤ ਹੋਈ।

ਇਸ ਸੰਸਥਾ ਤੋਂ ਵਿੱਦਿਆ ਪ੍ਰਾਪਤ ਕਰਕੇ ਅੱਜ ਵੱਡੀਆਂ ਰਕਮਾਂ ਖਰਚ ਕੇ ਅਤੇ ਸਹੀ ਤਰੀਕੇ ਨਾਲ ਵਿਦੇਸ਼ਾਂ ਵਿਚ ਗਏ ਤਕਰੀਬਨ 80% ਲੋਕ ਕਾਨੂੰਨੀ ਤੌਰ 'ਤੇ ਠੀਕ ਕਾਗਜ਼ਾਤ ਬਣਾ ਕੇ ਰਹਿ ਰਹੇ ਹਨ। ਇਸੇ ਕਰਕੇ ਹੀ ਇਸ ਇਲਾਕੇ ਦੀ ਅੱਜ ਦੁਨੀਆਂ ਦੀ ਹਰ ਕੋਨੇ ਵਿਚ ਚਰਚਾ ਹੈ। ਇਥੋਂ ਦੇ ਲੋਕਾਂ ਨੇ ਜਿੱਥੇ ਵੱਡੇ-ਵੱਡੇ ਘਰ ਬਣਾਏ ਹਨ। ਇਥੋਂ ਦੀਆਂ ਜ਼ਮੀਨਾਂ ਮਹਿੰਗੀਆਂ ਹੋਈਆਂ ਹਨ। ਇਥੇ ਅਤੇ ਵਿਦੇਸ਼ਾਂ ਵਿਚ ਵੀ ਲੋਕਾਂ ਦੇ ਵੱਡੇ-ਵੱਡੇ ਬਿਜ਼ਨੈਸ ਹਨ। ਇਸੇ ਸੰਸਥਾ ਤੋਂ ਪੜ੍ਹੇ ਵਿਦਿਆਰਥੀਆਂ ਨੇ ਅੰਤਰਰਾਸ਼ਟਰੀ ਕਬੱਡੀ ਖਿਡਾਰੀ, ਹਾਕੀ, ਹੈਂਡਬਾਲ, ਅਥਲੈਟਿਕ ਵਿਚ ਬਹੁਤ ਵੱਡੀਆਂ ਮੱਲਾਂ ਮਾਰੀਆਂ ਹਨ। ਇਸੇ ਸੰਸਥਾ



ਬਾਵਾ ਹਰਨਾਮ ਸਿੰਘ ਜੀ
ਖੇਤੀਬਾੜੀ ਅਤੇ ਜੰਗਲਾਤ ਰਾਜ ਮੰਤਰੀ

ਦੇ ਦੋ ਖਿਡਾਰੀ ਏਸ਼ੀਆਡ 82 ਦਿੱਲੀ ਵਿਖੇ ਭੰਗੜੇ ਵਿਚ ਭਾਗ ਲੈ ਕੇ ਇਸ ਸੰਸਥਾ ਦਾ ਨਾਮ ਉੱਚਾ ਕਰਕੇ ਆਏ ਹਨ। ਇਹ ਸਾਰਾ ਕੁਝ ਇਸ ਸੰਸਥਾ ਦੀ ਹੀ ਦੇਣ ਹੈ। ਇਸ ਕਾਲਜ ਨੂੰ ਚਲਾਉਣ ਲਈ ਵੱਖ-ਵੱਖ ਸਮੇਂ 'ਤੇ ਵੱਖ-ਵੱਖ ਪ੍ਰਬੰਧ ਕਮੇਟੀਆਂ ਅਤੇ ਸਟਾਫ਼, ਪ੍ਰਿੰਸੀਪਲਾਂ ਦਾ ਆਪਣਾ-ਆਪਣਾ ਯੋਗਦਾਨ ਹੈ। ਅੱਜ ਕਾਲਜ ਵਿਚ ਇਨਡੋਰ ਸਟੇਡੀਅਮ, ਗਰਾਊਂਡਾਂ, ਕਲਾਸ ਰੂਮ, ਮੀਟਿੰਗ ਹਾਲ, ਲਾਇਬ੍ਰੇਰੀ, ਕੰਪਿਊਟਰ ਲੈਬ ਅਤੇ ਸੁੰਦਰ ਇਮਾਰਤ ਬਣੀ ਹੋਈ ਹੈ। ਅੱਜ ਇਸ ਸੰਸਥਾ ਦਾ ਪ੍ਰਬੰਧ ਸ. ਹਰਜੀਤ ਸਿੰਘ ਯੂ.ਐਸ.ਏ. ਪ੍ਰਧਾਨ ਮੈਨੇਜਿੰਗ ਕਮੇਟੀ, ਮੈਨੇਜਿੰਗ ਕਮੇਟੀ ਅਤੇ ਕਾਲਜ ਦੇ ਪ੍ਰਿੰਸੀਪਲ ਡਾ. ਜੁਗਰਾਜ ਸਿੰਘ ਬਾਖੂਬੀ ਨਿਭਾਅ ਰਹੇ ਹਨ। **(ਬਾਕੀ ਅਗਲੇ ਅੰਕ 'ਚ)**





# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

## ਅਗਸਤ ਮਹੀਨੇ ਦੀ ਕਾਰਗੁਜਾਰੀ ਦੀ ਰਿਪੋਰਟ

***ਜਨਰਲ ਸਕੱਤਰ ਦੀ ਕਲਮ ਤੋਂ*** .....



**ਕਾਰਜਕਾਰਨੀ ਕਮੇਟੀ ਦੀ ਮੀਟਿੰਗ** :- ਕਾਰਜਕਾਰਨੀ ਕਮੇਟੀ ਦੀ ਮੀਟਿੰਗ ਮਿਤੀ-19-08-2017 ਨੂੰ ਬੜੀ ਸ਼ਾਂਤੀਪੂਰਵਕ ਅਤੇ ਸੁਚਾਰੂ ਢੰਗ ਨਾਲ ਹੋਈ। ਜਿਸ ਵਿਚ ਸਾਰੇ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਨੇ ਹਾਜ਼ਰੀ ਭਰ ਕੇ ਆਪਣੇ-ਆਪਣੇ ਵਿਚਾਰ ਸਾਂਝੇ ਕੀਤੇ। ਪ੍ਰਧਾਨ ਜੀ ਨੇ ਕਾਰਜਕਾਰਨੀ ਕਮੇਟੀ ਨੂੰ ਦੱਸਿਆ ਕਿ ਸਾਰੇ ਰਿਜ਼ਨਲ ਪ੍ਰਧਾਨਾਂ ਨੇ ਆਪਣੇ ਜ਼ਿਲ੍ਹੇ ਦੀ 5 ਮੈਂਬਰੀ ਕਮੇਟੀਆਂ ਬਣਾ ਲਈਆਂ ਹਨ। ਪ੍ਰਧਾਨ ਜੀ ਨੇ ਸਾਰੇ ਰਿਜ਼ਨਲ ਪ੍ਰਧਾਨ ਜੋ ਹਾਜ਼ਰ ਸਨ ਤੋਂ ਆਪਣੇ-ਆਪਣੇ ਰੀਜਨ ਦੀ ਪ੍ਰੋਗਰੈਸ ਬਾਰੇ ਪੁੱਛਿਆ ਜਿਸ ਤੇ ਹਾਜ਼ਰ ਰਿਜ਼ਨਲ ਪ੍ਰਧਾਨਾਂ ਨੇ ਦੱਸਿਆ ਕਿ ਭਵਨ ਵਲੋਂ ਜੋ ਸਕਾਲਰਸ਼ਿਪ ਸਕੀਮ, ਮਾਈਨਾਰਿਟੀ ਸਕੀਮ ਦੇ ਪੱਤਰ ਭੇਜੇ ਸਨ ਉਸ ਤੇ ਪੂਰੀ ਤਰ੍ਹਾਂ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਸਕੂਲਾਂ ਵਿਚ ਜਾ ਕੇ ਪ੍ਰਿੰਸੀਪਲ ਅਤੇ ਬੱਚਿਆਂ ਨੂੰ ਇਨ੍ਹਾਂ ਸਕੀਮਾਂ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ ਅਤੇ ਛੇਤੀ ਹੀ ਅਰਜੀਆਂ ਭੇਜ ਦਿੱਤੀਆਂ ਜਾਣਗੀਆਂ। ਪ੍ਰਧਾਨ ਜੀ ਨੇ ਕਾਰਜਕਾਰਨੀ ਕਮੇਟੀ ਨੂੰ ਬੇਨਤੀ ਕੀਤੀ ਕਿ ਕੋਚਿੰਗ ਸੈਂਟਰ ਖੋਲਣ ਵਾਸਤੇ ਜਲਦੀ ਤੋਂ ਜਲਦੀ ਜ਼ਮੀਨ ਦਾ ਪ੍ਰਬੰਧ ਕੀਤਾ ਜਾਵੇ। ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਨੇ ਪ੍ਰਧਾਨ ਜੀ ਨੂੰ ਕਿਹਾ ਕਿ ਜ਼ਮੀਨ ਦਾ ਪ੍ਰਬੰਧ ਕਰਨ ਵਾਸਤੇ ਸਬ-ਕਮੇਟੀ ਬਣਾ ਦਿੱਤੀ ਜਾਵੇ ਤਾਂ ਜੋ ਇਹ ਕੰਮ ਨੇਪਰੇ ਚੜ੍ਹ ਸਕੇ ਅਤੇ ਇਹ ਵੀ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨੂੰ ਮਿਲ ਕੇ ਜਲੰਧਰ ਵਿਖੇ ਜ਼ਮੀਨ ਲੈਣ ਲਈ ਉਪਰਾਲੇ ਕੀਤੇ ਜਾਣਗੇ।

**ਵਿਹੜੇ ਦੇ ਫਰਸ਼ ਨੂੰ ਪੱਧਰਾ ਤੇ ਪੱਥਰ ਲਾਉਣ ਬਾਰੇ** :- ਭਵਨ ਦੀ ਦਿੱਖ ਨੂੰ ਆਕਰਸ਼ਿਤ ਬਨਾਉਣ ਲਈ ਭਾਈ ਮਨੀ ਸਿੰਘ ਬਲਾਕ ਦੇ ਮਿੰਨੀ ਹਾਲ ਤੋਂ ਲੈ ਕੇ ਡੈਂਟਲ ਕਲੀਨਿਕ ਤੱਕ ਦੇ ਫਰਸ਼ ਨੂੰ ਪੱਥਰ ਲਾ ਕੇ ਪੱਕਾ ਕਰਨ ਦੀ ਵਰਕਿੰਗ ਕਮੇਟੀ ਵਲੋਂ ਪ੍ਰਵਾਨਗੀ ਮਿਲਣ ਉਪਰੰਤ ਕੰਮ ਪੂਰਾ ਕਰ ਦਿੱਤਾ ਗਿਆ ਹੈ ਜਿਸ ਤੇ ਅਨੁਮਾਨਿਤ ਖਰਚਾ 4 ਲੱਖ 72 ਹਜ਼ਾਰ ਰੁਪਏ ਸੀ ਅਤੇ ਕੁਲ ਖਰਚਾ 3,68,328/- ਰੁਪਏ ਹੋਇਆ ਹੈ।

**ਮੈਡੀਕਲ ਵਿੰਗ ਬਾਰੇ** :- ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ 30-ਏ ਚੰਡੀਗੜ੍ਹ ਦੀ ਮੈਨੇਜਮੈਂਟ ਨੇ ਮੈਡੀਕਲ ਓ ਪੀ ਡੀ, ਕਲੀਨਿਕਲ ਲੈਬ, ਡੈਂਟਲ ਵਿੰਗ ਦੇ ਮਰੀਜ਼ਾਂ ਦੀ ਗਿਣਤੀ ਅਤੇ ਆਮਦਨ ਵਿਚ ਵਾਧਾ ਕਰਨ ਲਈ ਵੀ ਵੱਧ ਤੋਂ ਵੱਧ ਉਪਰਾਲੇ ਕੀਤੇ ਜਾ

ਰਹੇ ਹਨ। ਜੂਨ, ਜੁਲਾਈ ਅਤੇ ਅਗਸਤ ਦੇ ਮਹੀਨੇ ਦੇ ਮਰੀਜ਼ਾਂ ਦਾ ਵੇਰਵਾ ਇਸ ਪ੍ਰਕਾਰ ਹੈ :-

| | ਜੂਨ | ਜੁਲਾਈ | ਅਗਸਤ |
|---|---|---|---|
| ਮੈਡੀਕਲ ਓ ਪੀ ਡੀ | 108 | 281 | 215 |
| ਕਲੀਨਿਕਲ ਲੈੱਬ | 68 | 72 | 68 |
| ਡੈਂਟਲ ਵਿੰਗ | 71 | 77 | 62 |

**ਸੋਲਰ ਸਿਸਟਮ ਲਗਵਾਉਣ ਬਾਰੇ** :- ਪ੍ਰਧਾਨ ਜੀ ਨੇ ਕਾਰਜਕਾਰਨੀ ਮੈਂਬਰਾਂ ਨੂੰ ਦੱਸਿਆ ਕਿ ਸਰਕਾਰ ਸੋਲਰ ਸਿਸਟਮ ਨੂੰ ਜ਼ਰੂਰੀ ਬਣਾ ਰਹੀ ਹੈ ਅਤੇ ਭਵਨ ਵਿਖੇ ਸੋਲਰ ਸਿਸਟਮ ਲਈ ਮੈਨੇਜਮੈਂਟ ਨੂੰ 2 ਕੰਪਨੀਆਂ ਨੇ ਪਹੁੰਚ ਕੀਤੀ ਹੈ ਅਤੇ ਉਨ੍ਹਾਂ ਦੱਸਿਆ ਕਿ ਇਸ ਤੇ ਅਨੁਮਾਨਿਤ ਖਰਚਾ 25 ਲੱਖ ਤੋਂ 30 ਲੱਖ ਰੁਪਏ ਹੋ ਸਕਦਾ ਹੈ। ਪ੍ਰਧਾਨ ਜੀ ਨੇ ਇਸ ਬਾਰੇ ਪ੍ਰਸਤਾਵ ਦਿੱਤਾ ਕਿ ਇਸ ਸਿਸਟਮ ਦੇ ਜ਼ਰੂਰੀ ਹੋਣ ਤੇ ਵੱਖ-ਵੱਖ ਕੰਪਨੀਆਂ ਨਾਲ ਸੰਪਰਕ ਕਰਕੇ ਤੇ ਸਰਵੇ ਕਰਕੇ ਅਤੇ ਕਿਸੇ ਟੈਕਨੀਕਲ ਬੰਦੇ ਦੀ ਸਲਾਹ ਨਾਲ ਹੀ ਇਸ ਪ੍ਰੋਜੈਕਟ ਨੂੰ ਲਗਵਾਉਣ ਬਾਰੇ ਸੋਚਿਆ ਜਾਵੇਗਾ।

**ਐਲ.ਈ.ਡੀ ਲਾਈਟਸ ਲਾਉਣ ਬਾਰੇ** :- ਪ੍ਰਧਾਨ ਜੀ ਵਲੋਂ ਮੈਂਬਰਾਂ ਦੇ ਧਿਆਨ ਵਿਚ ਲਿਆਂਦਾ ਕਿ ਭਵਨ ਦੇ ਮੇਨ ਆਡੀਟਾਰੀਯਮ ਦੀਆਂ ਬਹੁਤ ਸਾਰੀਆਂ ਲਾਈਟਾਂ ਖਰਾਬ ਸਨ ਜਿਸ ਨੂੰ ਬਦਲ ਕੇ (Syska) ਕੰਪਨੀ ਦੀਆਂ ਐਲ ਈ ਡੀ ਲਾਈਟਾਂ ਲਗਾ ਦਿੱਤੀਆਂ ਗਈਆਂ ਹਨ ਅਤੇ ਇਹ ਵੀ ਫੈਸਲਾ ਹੋਇਆ ਕਿ ਭਵਨ ਵਿਚ ਜੋ ਵੀ ਲਾਈਟ ਖਰਾਬ ਹੋਵੇਗੀ ਉਸ ਨੂੰ ਐਲ ਈ ਡੀ ਲਾਈਟ ਵਿਚ ਹੀ ਬਦਲਿਆ ਜਾਵੇਗਾ।

**ਸਕਾਲਰਸ਼ਿਪ ਸਕੀਮ ਬਾਰੇ** :- ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ 30-ਏ ਚੰਡੀਗੜ੍ਹ ਵਲੋਂ ਮੈਰਿਟ, ਹੇਠਾਂ ਚੰਗੇ ਹੋਣਹਾਰ ਬੱਚਿਆਂ ਨੂੰ ਮੈਰੀਟੋਰੀਅਸ ਤੇ ਘੱਟ ਆਮਦਨ ਵਾਲੇ ਬੱਚਿਆਂ ਨੂੰ ਵਜ਼ੀਫੇ ਦੀ ਸਹੂਲਤ ਦਿੱਤੀ ਜਾਂਦੀ ਹੈ। ਜਿਸਦੇ ਲਈ ਜੂਨ ਅਤੇ ਜੁਲਾਈ ਮਹੀਨੇ ਦੇ ਮੈਗਜ਼ੀਨ ਵਿਚ ਸਕਾਲਰਸ਼ਿਪ ਸਕੀਮ, ਸ਼ਕਾਲਪਸ਼ਿਪ ਨਿਯਮ ਅਤੇ ਸ਼ਕਾਲਰਸ਼ਿਪ ਫਾਰਮ ਦਾ ਵੇਰਵਾ ਛਪਿਆ ਸੀ ਅਤੇ ਹੁਣ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਵਦਿਆਰਥੀ ਵਜ਼ੀਫੇ ਲਈ ਫਾਰਮ ਭਰ ਕੇ 30 ਸਤੰਬਰ 2017 ਤੱਕ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ 30-ਏ ਚੰਡੀਗੜ੍ਹ ਦੇ ਦਫਤਰ ਵਿਚ ਭੇਜ ਦੇਣ। ਸ਼ਕਾਲਰਸ਼ਿਪ ਫਾਰਮ ਭਵਨ ਦੀ ਵੈਬਸਾਈਟ lobanafoundation.org ਤੋਂ ਵੀ ਡਾਊਨਲੋਡ ਕੀਤੀ ਜਾ ਸਕਦੀ ਹੈ।

ਗੁਰਦੁਆਰਾ ਸਾਹਿਬ ਲਈ ਪਾਲਕੀ ਸਾਹਿਬ ਖਰੀਦਣ ਤੋਂ ਬਾਅਦ ਪਾਲਕੀ ਸਾਹਿਬ ਦੇ ਨਾਲ ਮਿਲਦਾ ਜੰਗਲਾ ਬਣਵਾਇਆ ਗਿਆ ਹੈ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਨਵਾਂ ਤਖਤਪੋਸ਼ ਵੀ ਬਣਵਾਇਆ ਗਿਆ।

**ਕੈਮਰੇ ਲਗਵਾਉਣ ਬਾਰੇ** :- ਭਵਨ ਦੀ ਸੁਰੱਖਿਆ ਨੂੰ ਵੇਖਦੇ ਹੋਏ ਭਵਨ ਵਿਖੇ ਹਰ ਥਾਂ 'ਤੇ ਕੈਮਰੇ ਲਗਵਾਏ ਗਏ ਹਨ ਕਿਉਂਕਿ ਚੰਡੀਗੜ੍ਹ ਪ੍ਰਸਾਸ਼ਨ ਨੇ ਭਵਨ ਵਿਚ ਕੈਮਰੇ ਜ਼ਰੂਰੀ ਕਰ ਦਿੱਤੇ ਸਨ।

**ਐਮਬੂਲੈਂਸ-ਕੰਮ-ਕਲੀਨਿਕਲ ਮੋਬਾਇਲ ਵੈਨ ਬਾਰੇ** :- ਐਮਬੁਲੈਂਸ ਕੰਮ ਮੋਬਾਇਲ ਵੈੱਨ ਦੇ ਮਈ ਮਹੀਨੇ ਤੋਂ ਲੈ ਕੇ ਜੁਲਾਈ ਮਹੀਨੇ ਤੱਕ 32 ਕੈਂਪ ਲੱਗ ਚੁੱਕੇ ਹਨ ਜਿਸ ਵਿਚ 1421 ਮਰੀਜ਼ਾਂ ਦੇ ਟੈਸਟ ਕੀਤੇ ਗਏ ਹਨ ਅਤੇ ਇਸ ਤੇ 1,77,713 ਰੁਪਏ ਖਰਚਾ ਹੋਇਆ ਹੈ।

**(ਹਰਪ੍ਰੀਤ ਕੌਰ ਪੇਲੀਆ)**


**ਜਨਰਲ ਸਕੱਤਰ**

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂੰ ਰੁੱਲ ਜਾਵੋਗੇ

# ਅਜੋਕਾ ਯੁੱਗ ਤੇ ਕੰਪਿਊਟਰ




**ਇੰਜੀਨੀਅਰ**
**ਪਰਮਿੰਦਰਜੀਤ ਸਿੰਘ**
**ਕੋ-ਐਡੀਟਰ**
**99153-57524**

ਕੰਪਿਊਟਰ ਦੀ ਖਰੀਦ ਕਰਨ ਸਮੇਂ ਸਾਨੂੰ ਕੁਝ ਕੁ ਗੱਲਾਂ ਦਾ ਧਿਆਨ ਰੱਖਣ ਦੀ ਜ਼ਰੂਰਤ ਹੈ, ਜਿਵੇਂ ਕਿ ਸਾਨੂੰ ਕੰਪਿਊਟਰ ਕਿਸ ਕੰਮ ਲਈ ਚਾਹੀਦਾ ਹੈ। ਕੰਪਿਊਟਰ ਦੀ ਜ਼ਰੂਰਤ ਕੀ ਹੈ? ਕੀ ਅਸੀਂ ਇਹ ਕੰਮ ਲੈਪਟਾਪ ਕੋਲੋਂ ਲੈ ਸਕਦੇ ਹਾਂ? ਕੀ ਕੰਪਿਊਟਰ ਤੋਂ ਬਗੈਰ ਅਗਰ ਅਸੀਂ ਸਮਾਰਟ ਫ਼ੋਨ ਲੈ ਲਈਏ ਤਾਂ ਸਾਡਾ ਕੰਮ ਚੱਲ ਸਕਦਾ ਹੈ? ਕਿਉਂਕਿ ਅਗਰ ਕੰਪਿਊਟਰ ਲੈਣ ਵਾਸਤੇ ਬੱਚਾ ਕਹਿ ਰਿਹਾ ਹੈ ਤਾਂ ਅਸੀਂ ਦੇਖ ਸਕਦੇ ਹਾਂ ਕਿ ਕੰਪਿਊਟਰ ਦੇ ਪਾਰਟਸ ਜਿਵੇਂ ਕਿ ALU, CPU, Output Device, Input Device ਆਦਿ ਹੁੰਦੇ ਹਨ ਅਤੇ ਇਕ ਦੂਸਰੇ ਯੂਨਿਟ ਨੂੰ ਸਿਗਨਲ ਪਾਸ ਕਰਨ ਲਈ ਤਾਰਾਂ/ਪਲੱਗ ਵੀ ਲੱਗੇ ਹੁੰਦੇ ਹਨ ਜੋ ਕਿ ਥਾਂ ਘੇਰਦੇ ਹਨ। ਜਿਸ ਨੂੰ ਸੰਭਾਲਣ ਲਈ ਇਕ ਕੰਪਿਊਟਰ ਟੇਬਲ ਵੀ ਰੱਖਣਾ ਪੈਂਦਾ ਹੈ ਜੋ ਕਿ ਸਪੈਸ਼ਲ ਟਾਈਪ ਕੰਪਿਊਟਰ ਵਾਸਤੇ ਹੀ ਬਣਿਆ ਹੁੰਦਾ ਹੈ ਅਤੇ ਇਸ ਨਾਲ ਅਗਰ ਕੁਝ ਪ੍ਰਿੰਟ ਕਢਵਾਉਣ ਦੀ ਜ਼ਰੂਰਤ ਹੋਵੇ ਤਾਂ ਇਕ ਪਾਰਟ ਹੋਰ ਵੱਧ ਜਾਂਦਾ ਹੈ ਜਿਸ ਨੂੰ ਕਿ ਪ੍ਰਿੰਟਰ/ਸਕੈਨਰ ਕਿਹਾ ਜਾਂਦਾ ਹੈ। ਇਸ ਬਾਰੇ ਅਸੀਂ ਦੋਸਤਾਂ/ਸਹਿਕਰਮੀਆਂ ਨਾਲ ਵੀ ਸਲਾਹ ਕਰ ਸਕਦੇ ਹਾਂ।

ਲੈਪਟਾਪ ਵੀ ਕੰਪਿਊਟਰ ਹੀ ਹੁੰਦਾ ਹੈ ਪਰ ਇਹ ਕੰਪੈਕਟ ਹੁੰਦਾ ਹੈ ਤੇ ਆਰਾਮ ਨਾਲ Carry ਕਰਕੇ ਕਿਤੇ ਵੀ ਲਿਜਾਇਆ ਜਾ ਸਕਦਾ ਹੈ ਜਾਂ ਘਰ ਵਿਚ ਵੀ ਛੋਟੇ ਬ੍ਰੀਫਕੇਸ ਵਾਂਗ ਰੱਖਿਆ ਜਾ ਸਕਦਾ ਹੈ। ਇਹ ਸਾਡੇ ਕੰਮ ਤੇ ਨਿਰਭਰ ਕਰਦਾ ਹੈ ਕਿ ਸਾਨੂੰ ਕੰਪਿਊਟਰ ਕੋਲੋਂ ਕਿਸ-ਕਿਸ ਤਰ੍ਹਾਂ ਦੇ ਕੰਮ ਲੈਣੇ ਹਨ। ਅਗਰ ਫਿਰ ਵੀ ਕੰਪਿਊਟਰ ਖਰੀਦਣ ਦਾ ਮੰਨ ਬਣ ਜਾਵੇ ਤਾਂ ਕੰਪਿਊਟਰ ਦੇ ਵਿਭਿੰਨ ਭਾਗਾਂ ਬਾਰੇ (ਹੇਠ ਲਿਖੇ ਅਨੁਸਾਰ) ਤਕਨੀਕੀ ਜਾਣਕਾਰੀ ਜ਼ਰੂਰ ਪ੍ਰਾਪਤ ਕਰ ਲੈਣੀ ਚਾਹੀਦੀ ਹੈ -

(1) **ਪ੍ਰੋਸੈੱਸਰ** - ਡਿਊਲ ਕੋਰ, ਕੁਆਡਕੋਰ ਆਦਿ ਅਤੇ ਪ੍ਰੋਸੈੱਸਰ ਦੀ ਕਿਸਮ 32 ਬਿੱਟ ਜਾਂ 64 ਬਿੱਟ।

(2) **ਪ੍ਰੋਸੈੱਸਰ ਦੀ ਰਫ਼ਤਾਰ** - 1.2 ਤੋਂ 2.4 ਗੀਗਾਹਰਟਜ਼ ਜਾਂ ਵੱਧ ਰੈਮ (ਮੈਮਰੀ) 2 ਤੋਂ 4 ਜੀ.ਬੀ. (ਗੀਗਾ ਬਾਈਟਸ) ਜਾਂ ਵੱਧ।

(3) **ਹਾਰਡ ਡਿਸਟ** - 500 ਜੀ.ਬੀ. (ਗੀਗਾ ਬਾਈਟਸ) ਜਾਂ ਵੱਧ ਅਤੇ ਵਿੰਡੋਜ਼ 7, 8, 8.1, 10 ਆਦਿ।

(4) DVD (ਡੀ.ਵੀ.ਡੀ.) ਰਾਈਟਰ, ਕੀ ਬੋਰਡ, ਮਾਊਸ, ਮੌਨੀਟਰ (LCD/LED) ਆਦਿ।

ਇਸ ਤਰ੍ਹਾਂ ਕੰਪਿਊਟਰ ਵਿੱਚ ਵਰਤੋਂ ਆਉਣ ਵਾਲੇ ਕੁਝ ਛੋਟੇ ਸ਼ਬਦ ਹਨ ਜਿਨ੍ਹਾਂ ਨੂੰ ਸੰਬੋਧਨ ਕਰਨ ਲਈ ਕਿਹਾ ਜਾਂਦਾ ਹੈ?

ALD - ਅਰਥਮੈਟਿਕ ਲੌਜਿਕ ਯੂਨਿਟ, CD : ਕੰਪੈਕਟ ਡਿਸਕ, CPU : ਸੈਂਟਰਲ ਪ੍ਰੋਸੈਸਿੰਗ ਯੂਨਿਟ, CU : ਕੰਟਰੋਲ ਯੂਨਿਟ, CUI : ਕਰੈਕਟਰ ਯੂਜ਼ਰ ਇੰਟਰਫੇਸ, DOS : ਡਿਸਕ ਉਪਰੇਟਿੰਗ ਸਿਸਟਮ, DVD : ਡਿਜ਼ੀਟਲ ਵਰਸਟਾਈਲ ਡਿਸਕ, GUI : ਗਰਾਫਿਕਸ ਯੂਜ਼ਰ ਇੰਟਰਫੇਸ, I/o : ਇਨਪੁਟ/ਆਊਟਪੁਟ ਡਿਵਾਈਸ, LCD : ਲਿਕੁਇਡ ਕ੍ਰਿਸਟਲ ਡਾਇਓਡ, MS : ਮਾਈਕਰੋਸਾਫਟ, MU : ਮੈਮਰੀ ਯੂਨਿਟ, PC



: ਪਰਸਨਲ ਕੰਪਿਊਟਰ, RAM : ਰੈਂਡਮ ਐਕਸੈੱਸ ਮੈਮਰੀ, ROM : ਰੀਡ ਉਨਲੀ ਮੈਮਰੀ, UPS : ਅਨਟ੍ਰੱਪਟੇਬਲ ਪਾਵਰ ਸਪਲਾਈ ਅਤੇ www : ਵਰਲਡ ਵਾਈਡ ਵੈਬ।



ਕੰਪਿਊਟਰ ਨੂੰ ਵਰਤਣ ਸਮੇਂ ਇਸ ਵਿਚ ਵਾਇਰਸ ਆ ਜਾਂਦੇ ਹਨ, ਜਿਸ ਨਾਲ ਕਿ ਕੰਪਿਊਟਰ ਦੀ ਸਪੀਡ ਹੌਲੀ ਹੋ ਜਾਂਦੀ ਹੈ ਤੇ ਕਈ ਵਾਰ ਹੈਂਗ ਵੀ ਹੋ ਜਾਂਦਾ ਹੈ। ਇਸ ਵਾਇਰਸ ਨੂੰ ਖਤਮ ਕਰਨ ਲਈ ਕਈ ਪ੍ਰੋਗਰਾਮ ਮਿਲਦੇ ਹਨ ਜਿਨ੍ਹਾਂ ਨੂੰ ਐਂਟੀਵਾਇਰਸ ਪ੍ਰੋਗਰਾਮ ਕਿਹਾ ਜਾਂਦਾ ਹੈ। ਐਂਟੀ ਵਾਇਰਸ ਪ੍ਰੋਗਰਾਮ ਕੰਪਿਊਟਰ ਵਿਚ ਚਲਾਉਣ ਨਾਲ ਇਹ ਵਾਇਰਸ ਲੱਭ ਕੇ ਉਸ ਨੂੰ ਨਸ਼ਟ ਕਰ ਦਿੰਦੇ ਹਨ। ਵਾਇਰਸ ਤੋਂ ਬਚਣ ਲਈ ਕਿਸੇ ਦੂਸਰੇ ਦਾ ਪੈਨ ਡਰਾਈਵ ਵਰਤੋਂ ਨਹੀਂ ਕਰਨਾ ਚਾਹੀਦਾ, ਅਗਰ ਕਰਨਾ ਵੀ ਪਵੇ ਤਾਂ ਉਸ ਨੂੰ ਪਹਿਲਾਂ ਚੰਗੀ ਤਰ੍ਹਾਂ ਸਕੈਨ ਕਰ ਲੈਣਾ ਚਾਹੀਦਾ ਹੈ। ਐਂਟੀ ਵਾਇਰਸ ਵੀ ਕਿਸੇ ਚੰਗੀ ਕੰਪਨੀ ਦਾ ਖਰੀਦਿਆ ਜਾ ਸਕਦਾ ਹੈ।

ਕੁਝ ਗੱਲਾਂ ਤਾਂ ਛੋਟੀਆਂ-ਛੋਟੀਆਂ ਹਨ ਪਰ ਕੰਪਿਊਟਰ ਲਈ ਬਹੁਤ ਮਹੱਤਵ ਰੱਖਦੀਆਂ ਹਨ, ਜਿਵੇਂ ਕਿ ਕੰਪਿਊਟਰ ਨੂੰ ਹਵਾਦਾਰ ਕਮਰੇ ਵਿਚ ਜਿਥੇ ਕਿ ਡਸਟ ਵਗੈਰਾ ਨਾ ਹੋਵੇ ਅਤੇ ਸੂਰਜ ਦੀ ਵੀ ਸਿੱਧੀ ਰੋਸ਼ਨੀ ਨਾ ਪਵੇ, ਵਿਖੇ ਹੀ ਰੱਖਿਆ ਜਾਣਾ ਚਾਹੀਦਾ ਹੈ। ਕੰਪਿਊਟਰ ਦੇ ਅੰਦਰਲੀ ਤੇ ਬਾਹਰਲੀ ਸਫ਼ਾਈ ਦਾ ਖਿਆਲ ਰੱਖਣਾ ਪਵੇਗਾ, ਅੰਦਰ ਦੀ ਸਫ਼ਾਈ ਤੇ ਐਂਟੀ ਵਾਇਰਸ ਤੋਂ ਇਲਾਵਾ ਇਸ ਵਿਚ ਜਮ੍ਹਾਂ ਹੋਈਆਂ ਆਰਜ਼ੀ ਫਾਈਲਾਂ ਜਾਂ ਹੋਰ ਵੀ ਫਾਲਤੂ ਯੂਜ਼ ਕਰ ਚੁੱਕੀਆਂ ਫਾਈਲਾਂ ਆਦਿ ਨੂੰ ਵੀ ਸਮੇਂ-ਸਮੇਂ ਨਾਲ ਡਿਲੀਟ ਕਰਨਾ ਚਾਹੀਦਾ ਹੈ ਜਾਂ ਕਾਪੀ ਕਰਕੇ ਰੱਖ ਲੈਣਾ ਚਾਹੀਦਾ ਹੈ।

ਸਾਨੂੰ ਕੰਪਿਊਟਰ ਤੇ ਲੰਬੇ ਟਾਇਮ ਤੱਕ ਲਗਾਤਾਰ ਕੰਮ ਕਰਨ ਤੋਂ ਗੁਰੇਜ਼ ਹੀ ਕਰਨਾ ਚਾਹੀਦਾ ਹੈ। ਇਸ ਨਾਲ ਪਿੱਠ ਦਰਦ ਅਤੇ ਗਰਦਨ ਦਰਦ ਦੀ ਸੰਭਾਵਨਾ ਹੋ ਸਕਦੀ ਹੈ। ਕਈ ਵਾਰ ਬੱਚੇ ਬਹੁਤ ਜ਼ਿਆਦਾ ਸਮੇਂ ਤੱਕ ਲਗਾਤਾਰ ਗੇਮਜ਼ ਹੀ ਖੇਲਦੇ ਰਹਿੰਦੇ ਹਨ ਜਿਸ ਨਾਲ ਉਨ੍ਹਾਂ ਦੀਆਂ ਅੱਖਾਂ 'ਤੇ ਵੀ ਅਸਰ ਪੈ ਸਕਦਾ ਹੈ। ਇਸ ਲਈ ਕੰਪਿਊਟਰ ਰੀਲੇਟਿਡ ਬਿਮਾਰੀਆਂ ਤੋਂ ਬਚਣ ਲਈ ਇਸ ਨੂੰ ਲਗਾਤਾਰ ਨਹੀਂ ਵਰਤਣਾ ਚਾਹੀਦਾ। ਅਗਰ ਕੰਪਿਊਟਰ 'ਤੇ ਕੋਈ ਕੰਮ ਲੰਬੇ ਸਮੇਂ ਤੱਕ ਕਰਨਾ ਪਵੇ ਤਾਂ ਸਾਨੂੰ ਆਪਣੇ ਆਪ ਨੂੰ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਰੀਲੈਕਸ ਕਰਕੇ/ਟਹਿਲ ਕੇ ਕੰਪਿਊਟਰ ਤੇ ਕੰਮ ਕਰਨ ਲਈ ਬੈਠਣਾ ਚਾਹੀਦਾ ਹੈ। **(ਚਲਦਾ)**

# ਬੇਨਤੀ

**ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।**

**ਸੰਪਾਦਕ ਸੁਰਿੰਦਰ ਸਿੰਘ ਰੂਬੀ,**
**M.: 98141-28181**
**Email: ruby.surinder57@gmail.com,**

# ਪਾਖੰਡ ਕਰਮ ਤੇ ਬਿਬੇਕ

'ਬਹੀਐ ਪੜਿਆ ਪਾਸਿ' ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੀ ਪੁਸਤਕ ਵਿਚੋਂ ਲੇਖ ਉਨ੍ਹਾਂ ਦੀ ਇਜਾਜ਼ਤ ਲੈ ਕੇ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪੇ ਜਾ ਰਹੇ ਹਨ। ਅਸੀਂ ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੇ ਅਤਿ ਧੰਨਵਾਦੀ ਹਾਂ।

ਇੰਜੀ. ਪਰਮਿੰਦਰਜੀਤ ਸਿੰਘ, ਕੋ-ਆਡੀਟਰ

**ਕਰਮ ਧਰਮ ਪਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ।**
**ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥**
(ਸੂਹੀ ਮ: ੫. ਪੰਨਾ ੭੪੭)

ਕਰਮ-ਕਾਂਡ ਕੀ ਹੈ, ਜਿਸ ਵਿਚ ਰਸਮ ਤੇ ਹੈ ਪਰ ਰਾਸ ਕੋਈ ਨਹੀਂ। ਗੁਰਮਤਿ ਕੋਈ ਰਸਮ ਨਹੀਂ ਸਗੋਂ ਸੱਚੀ ਰਾਸ ਪੂੰਜੀ ਹੈ। ਭਾਈ ਘਨਈਆ ਸਾਹਿਬ ਦਾ ਬਚਨ ਹੈ:



**ਗੁਰਮਤਿ ਕਉ ਸਉਦਾ ਕਰਿ ਮਾਨਾ।**
**ਕੁਛ ਦੇਕੇ ਵਹੁ ਲੇਨੀ ਜਾਨਾ।**
**ਸੋ ਤੋ ਗੁਰਮਤਿ ਦਾਤਿ ਖਸਮ ਕੀ।**
**ਲੇਣ ਦੇਨ ਯੇ ਬਾਤ ਰਸਮ ਕੀ।**
**ਰੀਤ ਰਸਮ ਤੇ ਗੁਰਮਤ ਪਰੈ।**
**ਮਨ ਮਹਿ ਜਾਨੋ, ਸੋ ਜਨ ਕਰੈ।**

ਕਰਮ ਕਾਂਡ ਕੀ ਹੈ, ਰੋਜ਼ਾਨਾ ਪਿੱਪਲ ਦੇ ਤਨੇ ਤੇ ਪਾਣੀ ਪਾਉਣਾ ਹੈ। ਜੜ੍ਹਾਂ ਨੂੰ ਨਹੀਂ ਤਨੇ ਨੂੰ, ਜੜ੍ਹਾਂ ਨੂੰ ਪਾਉਂਦੇ ਫਿਰ ਵੀ ਕੋਈ ਮਤਲਬ ਹੋ ਸਕਦਾ ਸੀ। ਉਹ ਕੰਮ ਹੋ ਰਿਹਾ ਹੈ ਜਿਸ ਦਾ ਮਤਲਬ ਹੀ ਕੋਈ ਨਹੀਂ। ਬਸ ਇਕ ਹੀ ਦਲੀਲ ਹੈ ਕਿ ਮੇਰੇ ਵੱਡੇ ਕਰਦੇ ਹੁੰਦੇ ਸਨ। ਜੋ ਮੇਰੇ ਤੋਂ ਪਹਿਲਾਂ ਕਰਦਾ ਸੀ, ਮੈਂ ਵੀ ਕਰਨਾ ਹੈ, ਬੇਸ਼ੱਕ ਇਹ ਪਤਾ ਨਾ ਹੋਵੇ ਕਿ ਕਿਉਂ ਕਰਨਾ ਹੈ। ਕੁਝ ਕੰਮ ਸਮੇਂ ਦੀ ਲੋੜ ਹੁੰਦੇ ਹਨ, ਕਿਸੇ ਥਾਂ ਦੀ ਲੋੜ ਹੁੰਦੇ ਹਨ। ਦੂਸਰੇ ਥਾਂ ਤੇ ਦੂਸਰੇ ਸਮੇਂ ਵਿਚ ਉਹ ਬਿਲਕੁਲ ਬੇਕਾਰ ਹੋ ਜਾਂਦੇ ਹਨ। ਸਾਰਕੁਤਾਵਲੀ ਵਿਚ ਲਿਖਿਆ ਹੈ ਕਿ ਇਕ ਪੰਡਤ ਰੋਜ਼ਾਨਾ ਹੀ ਬਾਹਰ ਪੂਜਾ ਕਰਨ ਵਾਸਤੇ ਜਾਂਦਾ ਸੀ। ਪੂਜਾ ਲਈ ਕੁਝ ਬਰਤਨ ਲੈ ਜਾਵੇ। ਇਕ ਦਿਨ ਇਕ ਜੁਗਤੀ ਸੁੱਝੀ ਕਿ ਰੋਜ਼ਾਨਾ ਭਾਰ ਚੁੱਕਦਾ ਹਾਂ ਉਸ ਨੇ ਬਰਤਨ ਮਿੱਟੀ ਵਿਚ ਦੱਬ ਕੇ ਉੱਪਰ ਸ਼ਿਵਲਿੰਗ ਬਣਾ ਦਿੱਤਾ ਕਿ ਇਸ ਨੂੰ ਸਾਰੇ ਆਦਰ ਨਾਲ ਸਿਰ ਝੁਕਾ ਕੇ ਅੱਗੇ ਚਲੇ ਜਾਣਗੇ। ਪਰ ਗੱਲ ਉਲਟ ਹੋ ਗਈ। ਪਿੱਛੋਂ ਇਕ ਹੋਰ ਆਇਆ ਇਸ ਨੇ ਵੀ ਮਿੱਟੀ ਇਕੱਠੀ ਕੀਤੀ ਉਸੇ ਤਰ੍ਹਾਂ ਦਾ ਉਸ ਨੇ ਬਣਾ ਦਿੱਤਾ। ਦੂਸਰੇ ਦਿਨ ਬ੍ਰਾਹਮਣ ਹੈਰਾਨ, ਉਸ ਦੇ ਭਾਂਡੇ ਕਿਹੜੇ ਸ਼ਿਵਲਿੰਗ ਥੱਲੇ ਹਨ ਉਸ ਨੇ ਇਕ ਬਣਾਇਆ ਸੀ ਇਥੇ ਅਨੇਕਾਂ ਬਣੇ ਪਏ ਹਨ।

**ਜਗ ਕੀ ਭੇਡਾ ਚਾਲ ਚਲਤੇ ਕੇ ਪੀਛੈ ਚਲੇ**
**ਪਰਮਾਥ ਨਾ ਸੰਮਾਲ ਦੇਖੋ ਜਗ ਕੀ ਮੂੜਤਾ।**

**ਸਾਰਕੁਤਾਵਲੀ**

ਗਊ ਹੀ ਦਾਨ ਕੀਤੀ ਜਾਵੇ ਭਾਵੇਂ ਫੰਡਰ ਹੀ ਹੋਵੇ, ਬੀਮਾਰ ਹੀ ਹੋਵੇ ਜਿਵੇਂ ਉਦਿਆਲਕ ਕਰਦਾ ਸੀ ਤੇ ਉਸ ਦੇ ਬੱਚੇ ਨਚਕੇਤਾ ਨੇ ਰੋਕਿਆ ਸੀ ਜਿਸ ਦੀ ਕਹਾਣੀ ਕੱਠ ਉਪਨਸ਼ਿਦ ਵਿਚ ਹੈ। ਗੁਰੂ ਗੋਬਿੰਦ ਸਿੰਘ ਜੀ ਕੁਰਸ਼ੇਤਰ ਗਏ। ਇਕ ਸਿੱਖ ਨੂੰ ਕਿਹਾ ਗਧਾ ਲੈ ਕੇ ਆਉ, ਗਧਾ ਆ ਗਿਆ। ਸਤਿਗੁਰਾਂ ਕਿਹਾ ਕਿ ਗਧਾ ਦਾਨ ਕਰਾਂਗੇ। ਬ੍ਰਾਹਮਣ ਨੇ ਲੈਣ ਤੋਂ ਇਨਕਾਰ ਕਰ ਦਿੱਤਾ। ਸਾਹਿਬ ਕਹਿਣ ਲੱਗੇ, "ਗਊ ਦਾਨ ਹੋ ਸਕਦੀ ਹੈ ਗਧਾ ਕਿਉਂ ਨਹੀਂ ਹੋ ਸਕਦਾ।" ਉਨ੍ਹਾਂ ਕਿਹਾ, "ਗਧਾ ਦਾਨ ਲੈਣ ਵਾਲਾ ਬ੍ਰਾਹਮਣ ਨਰਕ ਨੂੰ ਜਾਏਗਾ। ਸਾਹਿਬਾਂ ਨੇ ਇਕ ਕੀਮਤੀ ਸੋਨੇ ਦਾ ਹਾਰ ਗਧੇ ਦੇ ਗਲ ਵਿਚ ਪਾ ਦਿੱਤਾ ਅਤੇ ਕਿਹਾ, "ਹੁਣ ਗਧਾ ਦਾਨ ਹੋਵੇਗਾ ਕਿ ਨਹੀਂ।" ਇਕ ਬ੍ਰਾਹਮਣ ਲੈ ਗਿਆ। ਸਾਹਿਬਾਂ ਕਿਹਾ, "ਗਊ ਦਾਨ ਇਸ ਲਈ ਸੀ ਕਿ ਕੋਈ ਲੋੜਵੰਦ ਦੁੱਧ ਪੀਏਗਾ ਇਹ ਲੋੜ ਸੀ ਪਰ ਇਹ ਪਰੰਪਰਾ ਬਣ ਜਾਣੀ ਕਰਮਕਾਂਡ ਹੈ ਕਿ ਕੋਈ ਸਵਾ ਰੁਪਿਆ ਦੇਵੇ ਤੇ ਉਸ ਲਈ ਪੰਡਤ ਆਖੇ ਤੇਰੀ ਗਊ ਦਾਨ ਹੋ ਗਈ ਹੈ। ਏਸ ਗੱਲ ਤੋਂ ਕਰਮ-ਕਾਂਡ ਬਣਦਾ ਹੈ ਕਿ ਮਤਲਬ ਭਾਵੇਂ ਕੁਝ ਹੋਵੇ ਭਾਵੇਂ ਨਾ ਹੋਵੇ ਅਸੀਂ ਕਰਨਾ ਜ਼ਰੂਰ ਹੈ ਕਿਉਂਕਿ ਮੇਰੇ ਪੂਰਵਜ਼ ਕਰਦੇ ਰਹੇ ਹਨ।"

ਇਕ ਮਾਸੂਮ ਬੱਚੀ ਨੂੰ ਉਸ ਦੀ ਮਾਂ ਨੇ ਰੋਜ਼ਾਨਾ ਹੀ ਕਹਿਣਾ ਕਿ ਬੇਟਾ ਛੇਤੀ ਨਾਲ ਬਿੱਲੀ ਫੜ ਤੇ ਟੋਕਰੀ ਥੱਲੇ ਬੰਦ ਕਰਕੇ ਦੁੱਧ ਨੂੰ ਜਾਗ ਲਾ ਦੇਈਏ। ਬੱਚੀ ਨੇ ਦੌੜਨਾ, ਬਿੱਲੀ ਕਿਸੇ ਮੰਜੀ ਥੱਲੇ ਵੀ ਵੜੀ ਹੁੰਦੀ ਸੀ ਤਾਂ ਉਸ ਨੇ ਥੱਲਿਉਂ ਕੱਢ ਲਿਆਉਣੀ। ਆਖਰ ਬਿੱਲੀ ਵੀ ਗਿੱਝ ਗਈ ਉਸ ਦੀ ਆਦਤ ਬਣ ਗਈ ਕਿ ਰੋਜ਼ਾਨਾ ਟੋਕਰੀ ਥੱਲੇ ਕੁਝ ਚਿਰ ਜਾਣਾ ਹੀ ਹੈ। ਬੱਚੀ ਨੇ ਸਹਿਜੇ ਹੀ ਉਸ ਨੂੰ ਫੜ ਲੈਣਾ ਅਤੇ ਟੋਕਰੀ ਥੱਲੇ ਡੱਕ ਦੇਣਾ। ਬੱਚੀ ਜਵਾਨ ਹੋ ਗਈ ਪਰ ਇਹ ਕੰਮ ਚਲਦਾ ਰਿਹਾ। ਬੱਚੀ ਦੀ ਸ਼ਾਦੀ ਹੋ ਗਈ ਸਹੁਰੇ ਘਰ ਗਈ ਕੁਝ ਦਿਨਾਂ ਬਾਅਦ ਸੱਸ ਨੇ ਕਿਹਾ, "ਬੇਟਾ! ਅੱਜ ਦੁੱਧ ਨੂੰ ਜਾਗ ਲਗਾ ਦੇ।" ਬੱਚੀ ਬੜੀ ਖੁਸ਼ੀ ਨਾਲ ਉਛਲੀ ਕਿਉਂਕਿ ਸਭ ਤੋਂ ਜ਼ਿਆਦਾ ਖੁਸ਼ੀ ਉਹਨੂੰ ਬਿੱਲੀ ਫੜਨ ਵਿਚ ਹੀ ਹੁੰਦੀ ਸੀ, ਕਹਿਣ ਲੱਗੀ, "ਹਾਂ! ਮਾਂ ਜੀ ਮੈਂ ਦੁੱਧ ਨੂੰ ਜਾਗ ਲਗਾਵਾਂਗੀ ਪਰ ਬਿੱਲੀ ਕਿੱਥੇ ਹੈ।" ਸੱਸ ਨੇ ਕਿਹਾ, "ਬਿੱਲੀ ਦਾ ਕੀ ਮਤਲਬ।" ਨੂੰਹ ਨੇ ਕਿਹਾ, "ਬਿੱਲੀ ਮੈਂ ਟੋਕਰੀ ਥੱਲੇ ਡੱਕਾਂਗੀ ਤਾਂ ਹੀ ਦੁੱਧ ਨੂੰ ਜਾਗ ਲਗੇਗਾ। ਇਸ ਤੋਂ ਬਿਨਾਂ ਤਾਂ ਦੁੱਧ ਜੰਮੇਗਾ ਹੀ ਨਹੀਂ।" ਸੱਸ ਨੇ ਕਿਹਾ, "ਮੇਰੀ ਸਮਝ ਵਿਚ ਨਹੀਂ ਆਇਆ ਤੂੰ ਕੀ ਕਹਿ ਰਹੀ ਹੈ।" ਉਹ ਬੱਚੀ ਕਹਿਣ ਲੱਗੀ ਸਮਝ ਵਿਚ ਆਵੇ ਨਾ ਆਵੇ ਕੋਈ ਜ਼ਰੂਰੀ ਨਹੀਂ ਕਿ ਹਰ ਗੱਲ ਸਮਝ ਵਿਚ ਆਵੇ। ਇਹ ਸਾਡੇ ਘਰ ਦੀ ਮਰਯਾਦਾ ਹੈ

ਘੱਟੋ ਘੱਟ ਪੰਦਰਾਂ ਸਾਲ ਮੈਂ ਖੁਦ ਇਹੋ ਕੁਝ ਕਰ ਰਹੀ ਹਾਂ। ਕਰਮ-ਕਾਂਡੀ ਵੀ ਇਹੋ ਹੀ ਕਹਿੰਦਾ ਹੈ, ਸਮਝਣ ਦੀ ਕੋਈ ਜ਼ਰੂਰਤ ਨਹੀਂ ਅਸੀਂ ਜਦੋਂ ਦੀ ਸੰਭਾਲ ਸੰਭਲੀ ਹੈ ਮੈਂ ਕਰ ਰਿਹਾ ਹਾਂ ਮੇਰੀ ਮਾਂ, ਮੇਰਾ ਬਾਪ, ਮੇਰਾ ਦਾਦਾ, ਪੜਦਾਦਾ ਸਭ ਇਸੇ ਤਰ੍ਹਾਂ ਕਰਦੇ ਆਏ ਹਨ ਇਹ ਤਾਂ ਮੇਰਾ ਧਰਮ ਹੈ, ਇਹੀ ਤਾਂ ਸਾਡੇ ਘਰ ਦੀ ਮਰਯਾਦਾ ਹੈ। ਕਰਮ-ਕਾਂਡੀ ਤਾਂ ਕਈ ਪੁਸ਼ਤਾਂ ਦੀ ਗੱਲ ਕਰਦਾ ਹੈ। ਪੁਸ਼ਤਾਂ ਹੀ ਨਹੀਂ ਕਈ ਜੁਗਾਂ ਦੀ ਇਹ ਬਿੱਲੀ ਤਾਂ ਤ੍ਰੇਤੇ ਜੁਗ ਤੋਂ ਰਾਮ ਭਗਵਾਨ ਡਕਦੇ ਰਹੇ। ਫਿਰ ਦੁਆਪਰ ਵਿਚ ਕ੍ਰਿਸ਼ਨ ਡਕਦੇ ਰਹੇ ਇਹ ਤਾਂ ਸਾਡੇ ਘਰ ਦੀ ਪੁਰਾਣੀ ਮਰਯਾਦਾ ਹੈ ਨਹੀਂ ਤਾਂ ਦੁੱਧ ਜੰਮੇਗਾ ਨਹੀਂ।

ਉਸ ਬੱਚੀ ਦੀ ਸੱਸ ਲੜਾਕੀ ਨਹੀਂ ਸੀ, ਹੋਛੀ ਨਹੀਂ ਸੀ। ਕਾਹਲੀ ਨਹੀਂ ਸੀ, ਬੜੀ ਧੀਰਜ ਵਾਲੀ ਸੀ, ਵਿਚਾਰ ਵਾਲੀ ਸੀ। ਜ਼ਰੂਰ ਕਿਤੇ ਗੁਰੂ ਨਾਨਕ ਦੀ ਸੰਗਤ ਦੀ ਚਰਨ ਧੂੜ ਮੱਥੇ ਨੂੰ ਲੱਗ ਗਈ ਹੋਵੇਗੀ। ਉਹ ਕਹਿਣ ਲੱਗੀ, "ਬੇਟਾ! ਤੂੰ ਅੱਜ ਦੁੱਧ ਰਹਿਣ ਦੇ ਬਿੱਲੀ ਸਾਡੇ ਘਰ ਹੈ ਨਹੀਂ ਤੇ ਜਦੋਂ ਤੱਕ ਤੂੰ ਬਿੱਲੀ ਟੋਕਰੀ ਥੱਲੇ ਨਾ ਡੱਕੀ ਦੁੱਧ ਨੂੰ ਜਾਗ ਲੱਗਣਾ ਨਹੀਂ।" ਨੂੰਹ ਕਹਿਣ ਲੱਗੀ, "ਮਾਤਾ ਜੀ! ਕਿਸੇ ਗਵਾਂਢੀ ਦੇ ਘਰੋਂ ਬਿੱਲੀ ਲੈ ਆਉ। ਤੁਸੀਂ ਮੈਨੂੰ ਲੈ ਚੱਲੋ ਮੈਂ ਇਕ ਮਿੰਟ ਵਿਚ ਬਿੱਲੀ ਫੜ ਦਿਆਂਗੀ ਮੇਰਾ ਬਿੱਲੀ ਫੜਨ ਦਾ ਬੜਾ ਅਭਿਆਸ ਹੈ।" ਸੱਸ ਨੇ ਕਿਹਾ, "ਕਿਸੇ ਘਰੋਂ ਕਿਉਂ? ਚੱਲ ਮੇਰੇ ਨਾਲ ਬਿੱਲੀ ਤੁਹਾਡੇ ਘਰੋਂ ਹੀ ਲੈ ਕੇ ਆਉਂਦੇ ਹਾਂ। ਨਾਲੇ ਉਹ ਬਿੱਲੀ ਮੈਂ ਵੇਖਣਾ ਵੀ ਚਾਹੁੰਦੀ ਹਾਂ ਜਿਸ ਦਾ ਦੁੱਧ ਨੂੰ ਜਾਗ ਲੱਗਣ ਨਾਲ ਖਾਸ ਸੰਬੰਧ ਹੈ।"

ਨੂੰਹ ਨੂੰ ਨਾਲ ਲੈ ਕੇ ਉਹ ਬੱਚੀ ਦੀ ਮਾਂ ਪਾਸ ਪੁੱਜੀ ਤੇ ਪੁੱਛਿਆ ਕਿ ਭੈਣ ਜੀ, ਇਹ ਦੁੱਧ ਨੂੰ ਜਾਗ ਲਗਾਉਣ ਲਗਿਆਂ ਬਿੱਲੀ ਟੋਕਰੀ ਥੱਲੇ ਡੱਕਣੀ ਇਹ ਤੁਹਾਡੇ ਘਰ ਦੀ ਮਰਯਾਦਾ ਹੈ। ਉਸ ਨੇ ਕਿਹਾ, "ਮਰਯਾਦਾ ਨਹੀਂ, ਲੋੜ ਹੈ ਕਿ ਬਿੱਲੀ ਦੁੱਧ ਵਿਚ ਮੂੰਹ ਨਾ ਪਾ ਜਾਵੇ, ਦੁੱਧ ਜੂਠਾ ਨਾ ਕਰ ਜਾਵੇ। ਜੇ ਤੁਹਾਡੇ ਘਰ ਬਿੱਲੀ ਨਹੀਂ ਤਾਂ ਫਿਰ ਉੱਥੇ ਇਹ ਖਤਰਾ ਨਹੀਂ। ਇਹ ਬੱਚੀ ਭੋਲੀ ਹੈ, ਇਸ ਦੇ ਵੱਸ ਦੀ ਗੱਲ ਨਹੀਂ। ਜਾਪਦਾ ਹੈ ਇਸ ਤੇ ਕਿਸੇ ਕਰਮਕਾਂਡੀ ਦਾ ਪ੍ਰਛਾਵਾਂ ਪੈ ਗਿਆ ਹੈ।"

ਸਤਿਗੁਰਾਂ ਨੇ ਸਿੱਖ ਨੂੰ ਬਿਬੇਕੀ ਬਣਾਇਆ ਹੈ। ਸਿੱਖ ਪ੍ਰੇਮੀ ਵੀ ਹੈ, ਸਿੱਖ ਗਿਆਨੀ ਵੀ ਹੈ। ਗੁਰੂ ਅਰਜਨ ਦੇਵ ਜੀ ਨੇ ਸਾਡੇ ਤੇ ਕ੍ਰਿਪਾ ਕੀਤੀ ਹੈ। ਬਿਨਾਂ ਮਤਲਬ ਤੋਂ ਬਿੱਲੀਆਂ ਨਾ ਡਕਦੇ ਫਿਰੀਏ, ਇਸ ਲਈ ਦਾਤੇ ਤੋਂ ਦਾਤ ਮੰਗੀ ਹੈ।

**ਪਿਆਰੇ ਇਨ ਬਿਧਿ ਮਿਲਣੁ ਨਾ ਜਾਈ ਮੈ ਕੀਏ ਕਰਮ ਅਨੇਕਾ।**
**ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥**

**(ਸੋਰਠਿ ਮ: ੫. ਪੰਨਾ ੬੪੧)**

ਇਸ ਗੱਲ ਨਾਲ ਸਾਰੇ ਸਤਪੁਰਸ਼, ਬਿਬੇਕੀ ਸੱਜਣ ਸਹਿਮਤ ਹਨ ਕਿ ਜਿਹੜਾ ਧਰਮ ਤੇ ਧਾਰਮਿਕ ਸਾਧਨਾ, ਰਸਮਾਂ ਵਿਚ ਬੱਝ ਗਈ ਅਤੇ ਕਰਨ ਵਾਲਾ ਕਰੀ ਜਾ ਰਿਹਾ ਹੈ ਉਹ ਧਰਮ ਤੇ ਧਰਮ ਕਮਾਉਣ ਵਾਲੇ ਧਰਮੀ ਮੁਰਦਾ ਹੋ ਜਾਂਦੇ ਹਨ। ਅਜਿਹੀਆਂ ਰਸਮਾਂ ਅਤੇ ਕਰਮ-ਕਾਂਡ ਮਨੁੱਖ ਨੂੰ ਮੁਕਤ ਤਾਂ ਕਰਦੇ ਨਹੀਂ ਸਗੋਂ ਉਲਟਾ ਫਾਹੀ ਬਣ ਕੇ ਗਲ ਵਿਚ ਪੈ ਜਾਂਦੇ ਹਨ, ਅਜਿਹਾ ਬੰਦਾ ਪਾਣੀ 'ਚ ਡੁਬੀ ਖੇਤੀ ਵਾਂਗੂੰ ਹੁੰਦਾ ਹੈ ਜਿਸ ਦੇ ਹਰੇ ਹੋਣ ਦੀ ਆਸ ਨਹੀਂ ਰਹਿੰਦੀ। ਬਾਬਾ ਫਰੀਦ ਜੀ ਦਾ ਬਚਨ ਹੈ:

**ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ॥**
**ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ॥**

**(ਸਲੋਕ ਫਰੀਦ, ਪੰਨਾ ੧੩੮੧)**

ਸਤਿਗੁਰਾਂ ਵੇਖ ਲਿਆ ਸੀ ਕਿ ਕਰਮ-ਕਾਂਡੀ ਉਹ ਮੁਰਦਾ ਹੈ ਜਿਹੜਾ ਨਾ ਜਿਉਂਦਿਆਂ ਵਿਚ ਸਮਾ ਸਕਦਾ ਹੈ ਨਾ ਮੁਰਦਿਆਂ ਵਿਚ। ਬੜੀ ਦਰਦਨਾਕ ਹਾਲਤ ਹੈ ਕਰਮ-ਕਾਂਡੀ ਦੀ। ਇਸੇ ਲਈ ਸਤਿਗੁਰਾਂ ਕਿਹਾ ਸੀ ਇਸ ਬਿਮਾਰੀ ਤੋਂ ਬਚਣ ਲਈ ਹੇ ਗੁਰਸਿੱਖ! ਬਹੀਐ ਪੜਿਆ ਪਾਸਿ।

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਨਸਲਵਾਦ ਅਤੇ ਜਾਤੀਵਾਦ ਨਰੋਏ ਸਮਾਜ ਦੀ ਸਿਰਜਣਾ ਲਈ ਵੱਡੀ ਰੁਕਾਵਟ

**ਜੋਗਿੰਦਰ ਸਿੰਘ ਅਜੈਬ**

ਕੁਦਰਤ ਨੇ ਇਨਸਾਨ ਨੂੰ ਪ੍ਰਾਣੀਆਂ ਨਾਲੋਂ ਵਧੇਰੇ ਅਕਲ ਬੁੱਧੀ ਦਿੱਤੀ ਤਾਂ ਕਿ ਚੰਗਾ ਨਾਗਰਿਕ ਬਣੇ ਤੇ ਇਕ ਸਮਾਨ ਸਮਾਜ ਦੀ ਸਿਰਜਣਾ ਕਰੇ ਅਤੇ ਦੇਸ਼ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਹੋਵੇ। ਕਿੰਨੇ ਕੁ ਲੋਕ ਇਸ ਗੱਲ 'ਤੇ ਖਰੇ ਉੱਤਰ ਸਕਦੇ ਹਨ। ਬਹੁਤ ਘੱਟ ਹੋਣਗੇ। ਦੇਸ਼ ਦੇ ਸ਼ਹੀਦਾਂ ਨੇ ਆਪਣੀਆਂ ਕੀਮਤੀ ਜਾਨਾਂ ਕਿਸੇ ਧਰਮ ਤੇ ਜਾਤੀ ਲਈ ਨਹੀਂ ਵਾਰੀਆਂ ਸਗੋਂ ਦੇਸ਼ ਲਈ ਆਪਾ ਵਾਰਿਆ। ਇਹ ਉਨ੍ਹਾਂ ਦੀ ਸੋਚ ਸੀ ਅਤੇ ਉਨ੍ਹਾਂ ਦੀ ਸੋਚ ਤੇ ਕੌਣ ਕੌਣ ਫੁੱਲ ਚੜ੍ਹਾਉਂਦਾ ਹੈ ਹਰ ਬੰਦਾ ਆਪਣੇ ਅੰਦਰ ਝਾਤੀ ਮਾਰੇ ਤੇ ਨਤੀਜਾ ਆਪ ਹੀ ਨਿੱਕਲ ਆਵੇਗਾ। ਧਰਮ ਅਤੇ ਜਾਤੀਵਾਦ ਬਹੁਤੇ ਵਿਅਕਤੀਆਂ ਦੇ ਅੰਦਰ ਕੱਟੜ ਰੂਪ ਵਿਚ ਵਸ ਗਿਆ ਹੈ ਅਤੇ ਕਈ ਇਸਨੂੰ ਹਥਿਆਰ ਸਮਝ ਕੇ ਆਪਣੇ ਭਲੇ ਲਈ ਅਤੇ ਦੂਸਰੇ ਦਾ ਘਾਣ ਕਰਨ ਲਈ ਵਰਤ ਰਹੇ ਹਨ। ਜੇਕਰ ਅਜਿਹੇ ਬੰਦੇ ਦੀ ਤੁਲਨਾ ਕਿਸੇ ਜਾਨਵਰ ਨਾਲ ਕੀਤੀ ਜਾਵੇ ਤਾਂ ਲੱਗਦਾ ਹੈ ਇਸ ਵਿਚ ਉਸ ਪ੍ਰਾਣੀ ਦੀ ਹੀ ਹੇਠੀ ਹੋਵੇਗੀ। ਮਨੁੱਖ ਕਿਸ ਕਦਰ ਡਿੱਗ ਪਿਆ ਹੈ ਇਹ ਸ਼ਾਇਦ ਉਸਨੂੰ ਖੁਦ ਨੂੰ ਪਤਾ ਨਹੀਂ। ਅਮਰੀਕਾ ਵਰਗਾ ਸਾਮਰਾਜੀ ਦੇਸ਼ ਇਸ ਦਲਦਲ ਵਿਚ ਗ੍ਰਸਤ ਹੈ ਅਤੇ ਗੋਰੇ ਕਾਲੇ ਦੇ ਰੰਗ ਭੇਦ ਭਾਵ ਵਿਚ ਜਕੜਿਆ ਪਿਆ ਹੈ। ਇਨ੍ਹਾਂ ਦੋਹਾਂ ਧਿਰਾਂ ਦੇ ਵਿਚ ਮਾਰਧਾੜ ਦੀਆਂ ਘਟਨਾਵਾਂ ਵਾਪਰਦੀਆਂ ਹਨ ਅਤੇ ਲੋਕਾਂ ਦਾ ਘਾਣ ਹੋ ਰਿਹਾ ਹੈ। ਜਾਤੀਵਾਦ ਦਾ ਪ੍ਰਛਾਵਾਂ ਬਹੁਤ ਸਾਰੇ ਹੋਰ ਮੁਲਕਾਂ ਤੇ ਵੀ ਹੈ ਅਤੇ ਭਾਰਤ ਵੀ ਪੂਰੀ ਤਰ੍ਹਾਂ ਜਕੜਿਆ ਪਿਆ ਹੈ। ਹਰ ਪਾਸੇ ਧਰਮ ਅਤੇ ਜਾਤਪਾਤ ਦਾ ਬੋਲਬਾਲਾ ਹੈ ਅਤੇ ਇਸੇ ਕਰਕੇ ਬਹੁਤ ਸਾਰੇ ਸ਼ਰਾਰਤੀ ਤੇ ਫਿਰਕਾਪ੍ਰਸਤ ਅਨਸਰ, ਸਾਫ-ਸੁਥਰੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਦੇ ਹਨ। ਜਿਹੜਾ ਲੋਕਾਈ ਨਾਲ ਸਰਾਸਰ ਧੱਕਾ ਹੈ। ਇਕ ਧਰਮ ਦੇ ਲੋਕ ਧਰਮ ਦੀ ਆੜ ਲੈ ਕੇ ਬੱਸਾਂ ਅਤੇ ਰੇਲਗੱਡੀਆਂ ਵਿਚ ਬੰਬ ਧਮਾਕੇ ਕਰਦੇ ਹਨ ਅਤੇ ਥਾਂ ਥਾਂ ਤੇ ਅੱਗਾਂ ਲਾ ਕੇ ਦੂਸਰੇ ਲੋਕਾਂ ਨੂੰ ਮਾਰਦੇ ਹਨ। ਇਹ ਕੋਈ ਨਵੀਂ ਗੱਲ ਨਹੀਂ। ਇਨਾਂ ਮਾਰਧਾੜਾਂ ਵਿਚ ਕਿੰਨੇ ਭੈਣਾਂ ਦੇ ਭਰਾ, ਮਾਵਾਂ ਦੇ ਪੁੱਤ ਅਤੇ ਕਿੰਨੀਆਂ ਸੁਹਾਗਣਾ ਦੇ ਸੁਹਾਗ ਇਸ ਵਿਚ ਦਫਨ ਹੋ ਜਾਂਦੇ ਹਨ। ਪਿੱਛੇ ਜਿਹੇ ਜਾਟ ਅੰਦੋਲਨ ਦੇ ਨਾਮ 'ਤੇ ਜੋ ਨੁਕਸਾਨ ਸਰਕਾਰੀ ਅਤੇ ਪ੍ਰਾਈਵੇਟ ਪ੍ਰਾਪਰਟੀ ਦਾ ਕੀਤਾ ਗਿਆ ਉਸ ਤੋਂ ਵੱਧ ਸ਼ਰਮਸਾਰ ਕਰਨ ਵਾਲੀ ਕਿ ਰਸਤੇ ਵਿਚ ਜਾਂਦੀਆਂ ਬੇਗੁਨਾਹ ਧੀਆਂ-ਭੈਣਾਂ ਨੂੰ ਵੀ ਬਖਸ਼ਿਆ ਨਹੀਂ ਗਿਆ। ਮਾਰਧਾੜ ਕਰਨ ਵਾਲਿਆਂ ਦੇ ਆਪਣੇ ਤਾਂ ਮਰਦੇ ਨਹੀਂ ਉਨ੍ਹਾਂ ਨੂੰ ਦੁੱਖ ਦਾ ਕੀ ਪਤਾ? ਜਿੰਨ੍ਹਾਂ ਦੇ ਸਕੇ ਸਬੰਧੀ ਮਰਦੇ ਹਨ ਉਨ੍ਹਾਂ ਪਰਿਵਾਰਾਂ ਦੀ ਦੁਰਦਿਸ਼ਾ ਦੇਖੀ ਨਹੀਂ ਜਾਂਦੀ। ਕਈ ਘਰਾਂ ਵਿਚ ਕਮਾਈ ਕਰਨ ਵਾਲੇ ਨਹੀਂ ਬਚਦੇ। ਅਜਿਹਾ ਸੰਤਾਪ ਲੋਕਾਂ ਨੇ ਆਪਣੇ ਪਿੰਡੇ ਤੇ ਹੰਡਾਇਆ ਹੈ। ਦੋਹਾਂ ਵਿਚੋਂ ਜਿਹੜਾ ਵੀ ਮਰਿਆ ਉਹ ਕਿਸੇ ਮਾਂ ਦਾ ਪੁੱਤ ਸੀ। ਕਾਫੀ ਸਮਾਂ ਪਹਿਲਾਂ ਦੀ ਗੱਲ ਹੈ, ਬਾਹਰਲੇ ਦੇਸ਼ ਵਿਚ ਵੱਖ ਵੱਖ ਲੜਕੀਆਂ ਦੇ ਮੁਕਾਬਲੇ ਹੋਏ ਅਤੇ ਭਾਰਤੀ ਲੜਕੀ ਵੀ ਇਸ ਮੁਕਾਬਲੇ ਵਿਚ ਭਾਗ ਲੈ ਰਹੀ ਸੀ ਅਤੇ ਉਸਨੂੰ ਨਸਲਵਾਦ ਦਾ ਅਧਾਰ ਬਣਾ ਕੇ ਉਸਦਾ ਮਜਾਕ ਉਡਾਇਆ ਗਿਆ ਅਤੇ ਜਿਹੜਾ ਸਾਰੀ ਦੁਨੀਆ ਨੇ ਟੀ.ਵੀ. ਤੇ ਦੇਖਿਆ। ਕੋਈ ਸਮਾਂ ਹੁੰਦਾ ਸੀ ਜਦੋ ਕੰਮਾਂ ਦੇ ਅਧਾਰ ਤੇ ਲੋਕਾਂ ਦੇ ਘਰਾਂ ਤੇ ਲੋਕਾਂ ਨੂੰ ਜਾਣਿਆ ਜਾਂਦਾ ਸੀ ਪਰ ਅੱਜ ਤਾਂ ਹਰ ਜਾਤ ਪਾਤ ਦੇ ਲੋਕ ਹਰ ਤਰਾਂ ਦਾ ਕੰਮ ਕਰ ਰਹੇ ਹਨ। ਜਿਸ ਵਿਅਕਤੀ ਨੂੰ ਜਿਹੜਾ ਕੰਮ ਚੰਗਾ ਲੱਗਦਾ ਹੈ ਹੁਣ ਉਹ, ਉਹੀ ਕੰਮ ਕਰਦਾ ਹੈ। ਲੋਕ ਅਜੇ ਵੀ ਜਾਤੀਵਾਦ ਦੀ ਦਲਦਲ ਵਿਚੋਂ ਨਹੀਂ ਨਿਕਲ ਰਹੇ। ਬ੍ਰਹਿਮੰਡ ਵਿਚ ਸੂਰਜ ਨੇ ਹਰ ਇਕ ਨੂੰ ਪ੍ਰਕਾਸ਼ ਦੀਆਂ ਕਿਰਨਾਂ, ਹਵਾ ਨੇ ਹਰੇਕ ਨੂੰ ਹਵਾ, ਬੋਹੜਾਂ ਨੇ ਸਭ ਨੂੰ ਠੰਢੀਆਂ ਛਾਂਵਾਂ ਅਤੇ ਧਰਤੀ ਮਾਂ ਨੇ ਹਰ ਇਕ ਨੂੰ ਅਨਾਜ ਦਿੱਤਾ ਹੈ ਅਤੇ ਕਦੀ ਪੱਖ ਨਹੀਂ ਕੀਤਾ। ਪਰ ਮਨੁੱਖ ਖੁਦ ਨਿੱਜੀ ਲਾਭ ਲਈ ਕਿੰਨਾ ਮਤਲਬੀ ਹੋ ਗਿਆ। ਸੁਚੇਤ ਮਨ ਅਜਿਹਾ ਦੇਖ ਕੇ ਅੱਖਾਂ ਬੰਦ ਨਹੀਂ ਕਰਦਾ ਸਗੋਂ ਚਿੰਤਨ ਕਰਦਾ ਹੈ ਅਤੇ ਬੇਲੋੜੀਆਂ ਨਿੱਕੀਆਂ ਨਿੱਕੀਆਂ ਗੱਲਾਂ ਵਿਚ ਨਹੀਂ ਉਲਝਦਾ। ਸਾਡੇ ਪ੍ਰਸਿੱਧ ਧਾਰਮਿਕ ਗ੍ਰੰਥ ਅਤੇ ਗੁਰੂ, ਪੀਰ, ਫਕੀਰ ਅਤੇ ਪੈਗੰਬਰ ਚੰਗੀਆਂ ਸੇਧਾਂ ਦਿੰਦੇ ਹਨ ਅਤੇ ਚੰਗੇਰਾ ਚਰਿੱਤਰ ਬਣਾਉਣ ਲਈ ਕਹਿੰਦੇ ਹਨ। ਹਰ ਪਾਸੇ ਸਾਰੀਆਂ ਸੰਸਥਾਵਾਂ ਧੜਾਧੜ ਪ੍ਰਚਾਰ ਕਰ ਰਹੀਆਂ ਹਨ ਪਰ ਉਨ੍ਹਾਂ ਸੁਧਾਰ ਨਹੀਂ ਹੋ ਰਿਹਾ ਜਿੰਨਾ ਚਾਹੀਦਾ ਹੈ। ਕਈ ਥਾਵਾਂ ਤੇ ਜਾਤਾਂ ਅਤੇ ਧਰਮਾਂ ਦੇ ਅਧਾਰ ਤੇ ਅਜੇ ਵੀ ਧਰਨੇ ਅਤੇ ਵਿਖਾਵੇ ਕੀਤੇ ਜਾ ਰਹੇ ਹਨ ਅਤੇ ਵਧੇਰੇ ਲਾਭ ਲੈਣ ਲਈ ਹੱਥ ਪੈਰ ਮਾਰੇ ਜਾ ਰਹੇ ਹਨ। ਅਜਿਹੇ ਲੋਕ ਇਕ ਦੂਸਰੇ ਦੇ ਵਿਰੁਧ ਮਜਬੂਤ ਸੰਸਥਾਵਾਂ ਬਣਾ ਕੇ ਸਮਾਜ ਵਿਚਲੇ ਲੋਕਾਂ ਨੂੰ ਕੀ ਦੱਸਣਾ ਚਾਹੁੰਦੇ ਹਨ? ਸਭ ਨੂੰ ਪਤਾ ਹੈ ਕੋਈ ਭੁੱਲਿਆ ਨਹੀਂ। ਦੂਸਰਿਆਂ ਨੂੰ ਚੰਗਾ ਮਾੜਾ ਕਹਿ ਕੇ ਆਪਣੇ ਹਿਤ ਪਗਾਉਂਣੇ ਘਟੀਆਪਨ ਹੈ ਅਤੇ ਅਜਿਹੀ ਸੋਚ ਦੇ ਧਾਰਨੀ ਦੂਸਰੇ ਦਾ ਘਾਣ ਕਰਨ ਵਿਚ ਕੋਈ ਕਸਰ ਨਹੀ ਛੱਡਦੇ ਹਨ। ਨਸਲਵਾਦ, ਜਾਤੀਵਾਦ ਅਤੇ ਧਰਮ ਤੋਂ ਉੱਪਰ ਉੱਠ ਕੇ ਵਿਚਾਰਨ ਦੀ ਲੋੜ ਹੈ। ਸਾਡਾ ਕੋਈ ਦੁਸ਼ਮਣ ਨਹੀਂ ਅਤੇ ਕੋਈ ਬੇਗਾਨਾ ਨਹੀਂ ਸਾਰੇ ਇਕ ਹੀ ਕੁਦਰਤ ਦਾ ਨੂਰ ਹੈ। ਸਾਡੇ ਅੰਦਰੂਨੀ ਤੇ ਬਾਹਰੀ ਦੇਸ਼ ਵਿਰੋਧੀ ਤਾਕਤਾਂ ਵੀ ਅਜਿਹੀਆਂ ਧਿਰਾਂ ਨੂੰ ਲੈ ਕੇ ਆਪਣਾ ਉੱਲੂ ਸਿੱਧਾ ਕਰਦੀਆਂ ਹਨ ਅਤੇ ਇਸ ਨੂੰ ਤਹਿਸ ਨਹਿਸ ਕਰਨ ਵਿਚ ਤੁਲੀਆਂ ਪਈਆਂ ਹਨ। ਆਪਣੇ ਤੇ ਪਰਾਏ ਰਲ ਮਿਲ ਕੇ ਦੇਸ਼ ਨੂੰ ਬਰਬਾਦ ਕਰਨ ਤੇ ਤੁਲੇ ਪਏ ਹਨ। ਜਾਤੀਵਾਦ ਦਾ ਫਤੂਰ ਦਿਮਾਗ ਵਿਚੋਂ ਕੱਢੀਏ ਤੇ ਦਿਮਾਗ ਨੂੰ ਸੰਤੁਲਨ ਰੱਖੀਏ। ਸ਼ਰਾਰਤੀ ਤੱਤ ਧਰਮ, ਜਾਤ ਅਤੇ ਭਾਈਚਾਰੇ ਦੇ ਨਾਂਅ ਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਉਂਦੇ ਹਨ ਅਤੇ ਪੂਰੀ ਤਰ੍ਹਾਂ ਹਵਾ ਦਿੰਦੇ ਹਨ। ਫਿਰਕਾਪ੍ਰਸਤੀ ਲੋਕ ਆਪਣੇ ਨਿੱਜੀ ਹਿੱਤਾਂ ਦੀ ਖਾਤਰ ਲੋਕਾਂ ਨੂੰ ਵੰਡ ਕੇ ਆਪਣੀ ਸਿਆਸਤ ਦਾ ਪੱਤਾ ਰੋੜਦੇ। ਮਰਦਮਸ਼ੁਮਾਰੀ ਵਿਚ ਜਾਤੀ ਨੂੰ ਦਰਸਾਉਣਾ ਕੋਈ ਵਧੀਆ ਗੱਲ ਨਹੀਂ। ਦੇਸ਼ ਆਜ਼ਾਦ ਹੋਇਆਂ ਕਈ ਸਾਲ ਬੀਤ ਗਏ ਲੋਕ ਅਜੇ ਵੀ ਜਾਤੀਵਾਦ ਦੀ ਦਲਦਲ ਵਿਚ ਗਰਕੇ ਪਏ ਹਨ। ਆਓ! ਜਾਤੀਵਾਦ, ਨਸਲਵਾਦ ਅਤੇ ਫਿਰਕਾਪ੍ਰਸਤੀ ਨੂੰ ਦਫਨ ਕਰਨ ਵਿਚ ਅਹਿਮ ਰੋਲ ਅਦਾ ਕਰੀਏ ਅਤੇ ਨਰੋਏ ਸਮਾਜ ਦੀ ਸਿਰਜਣਾ ਕਰੀਏ।

# ਲੋੜ ਹੈ ਵਧ ਰਹੇ ਬਸਤੇ ਦੇ ਭਾਰ ਨੂੰ ਘਟਾਉਣ ਦੀ




ਵਿੱਦਿਆ ਮਨੁੱਖ ਦੀ ਤੀਸਰੀ ਅੱਖ ਹੈ। ਵਿੱਦਿਆ ਹੀਨ ਵਿਅਕਤੀ ਪਸ਼ੂ ਸਮਾਨ ਮੰਨਿਆ ਜਾਂਦਾ ਹੈ ਕਿਉਂਕਿ ਉਸਨੂੰ ਨਫ਼ੇ ਅਤੇ ਨੁਕਸਾਨ ਬਾਰੇ ਸਮਝ ਨਹੀਂ ਹੁੰਦੀ, ਜਿਸ ਸਦਕਾ ਉਹ ਹਰ ਪਾਸਿਓਂ ਲੁੱਟ ਦਾ ਸ਼ਿਕਾਰ ਹੁੰਦਾ ਰਹਿੰਦਾ ਹੈ। ਅੱਜ ਦਾ ਵਿਦਿਆਰਥੀ ਬਸਤੇ ਦੇ ਭਾਰ ਥੱਲੇ ਦੱਬਿਆ ਜਾ ਰਿਹਾ ਹੈ। ਇਹ ਵਿਚਾਰਨ ਦਾ ਵਿਸ਼ਾ ਹੈ ਕਿ ਬਸਤੇ ਦਾ ਭਾਰ ਕਿਵੇਂ ਘਟੇ? ਅੱਜ ਵਿਦਿਆਰਥੀ ਨੂੰ ਛੇਵੀਂ ਕਲਾਸ ਤੋਂ ਲੱਗਭੱਗ ਅੱਠ ਵਿਸ਼ੇ ਪੜ੍ਹਨੇ ਪੈਂਦੇ ਹਨ। ਇਨ੍ਹਾਂ ਦੀਆਂ ਕਾਪੀਆਂ ਅਤੇ ਕਿਤਾਬਾਂ ਦੀ ਗਿਣਤੀ ਕੁੱਲ ਮਿਲਾ ਕੇ 24 ਕੁ ਪੁਸਤਕਾਂ ਦੀ ਬਣਦੀ ਹੈ, ਜੋ ਕਿ ਪਿੱਠੂ ਵਾਂਗ ਲੱਦ ਕੇ ਬੱਚਾ ਸਕੂਲ ਜਾਂਦਾ ਹੈ। ਫਿਰ ਉਪਰੋਂ ਅਧਿਆਪਕਾਂ ਦੀਆਂ ਝਿੜਕਾਂ ਨਾਲ ਬੱਚਾ ਨਿਰਾਸ਼ ਹੋ ਜਾਂਦਾ ਹੈ। ਨਤੀਜਾ ਕੀ ਹੁੰਦਾ ਹੈ ਕਿ ਬੱਚਾ ਪੜ੍ਹਾਈ ਨੂੰ ਨਫ਼ਰਤ ਕਰਦਾ ਹੈ। ਸਕੂਲੋਂ ਭੱਜਣ ਦੀ ਸੋਚਦਾ ਹੈ ਕਿਉਂਕਿ ਉਹ ਜ਼ਿਆਦਾ ਕੰਮ ਨਹੀਂ ਕਰ ਸਕਦਾ। ਉਹ ਸਕੂਲੋਂ ਤਿੰਨ ਕੁ ਵਜੇ ਮਸਾਂ ਹੀ ਘਰ ਆਉਂਦਾ ਹੈ, ਫਿਰ ਆਰਾਮ ਵੀ ਕਰਦਾ ਹੈ, ਢੇਰ ਸਾਰਾ ਹੋਮਵਰਕ ਵੀ ਮਿਲਦਾ ਹੈ, ਮਨੋਰੰਜਨ ਅਤੇ ਖੇਡ ਤੋਂ ਵਾਂਝੇ ਬੱਚੇ ਦਾ ਸੁਭਾਅ ਚਿੜਚਿੜਾ ਹੋ ਜਾਂਦਾ ਹੈ। ਉਹ ਪੜ੍ਹਾਈ ਨੂੰ ਨਫ਼ਰਤ ਕਰਨ ਲੱਗ ਜਾਂਦਾ ਹੈ। ਪਿਛਲੇ ਸਮੇਂ ਸਰਕਾਰ ਨੇ ਇਕ ਸਕੀਮ ਬਣਾਈ ਸੀ ਕਿ ਬੱਚੇ ਦੀਆਂ ਕਿਤਾਬਾਂ ਸਕੂਲ ਵਿਚ ਹੀ ਰੱਖੀਆਂ ਜਾਣ। ਸਕੂਲ ਵਿਚ ਹੀ ਹੋਮਵਰਕ ਕਰਵਾਇਆ ਜਾਵੇ ਤਾਂਕਿ ਉਹ ਬਸਤੇ ਦੇ ਭਾਰ ਤੋਂ ਮੁਕਤ ਹੋ ਸਕੇ ਪ੍ਰੰਤੂ ਇਹ ਸਕੀਮ ਵੀ ਬੁਰੀ ਤਰ੍ਹਾਂ ਫੇਲ੍ਹ ਹੋ ਗਈ ਕਿਉਂਕਿ ਇਸ ਵਿਚ ਖਾਮੀਆਂ ਸਨ, ਜਿੰਨ੍ਹਾਂ ਨੂੰ ਦੂਰ ਕਰਨ ਵੱਲ ਧਿਆਨ ਨਹੀਂ ਦਿੱਤਾ ਗਿਆ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਸੀਨੀਅਰ ਮੀਤ ਪ੍ਰਧਾਨ**
**98144-74535**




ਸਰਕਾਰੀ ਸਕੂਲਾਂ ਵਿਚ ਦਾਖਲੇ ਦੀ ਉਮਰ 6 ਸਾਲ ਦੀ ਥਾਂ ਹੁਣ 5 ਸਾਲ ਨਿਸ਼ਚਿਤ ਕਰ ਦਿੱਤੀ ਗਈ ਹੈ, ਬੱਚਾ ਸਭ ਕੁਝ ਸਮਝ ਸਕਦਾ ਹੈ ਪਰੰਤੂ ਬਸਤੇ ਦਾ ਭਾਰ ਉਸ ਨੂੰ ਸਤਾ ਰਿਹਾ ਹੈ ਕਿਉਂਕਿ ਕਿਤਾਬਾਂ ਦੀ ਗਿਣਤੀ ਵੱਧ ਰਹੀ ਹੈ। ਸ਼ਹਿਰਾਂ ਵਿਚ ਮਾਡਰਨ ਸਕੂਲਾਂ ਵਿਚ ਬੱਚੇ ਨੂੰ ਢਾਈ ਜਾਂ ਤਿੰਨ ਸਾਲ ਦੀ ਉਮਰ ਵਿਚ ਹੀ ਦਾਖਲ ਕਰ ਲਿਆ ਜਾਂਦਾ ਹੈ। ਉਹ ਬਸਤੇ ਦੇ ਭਾਰ ਤੋਂ ਮੁਕਤ ਹੈ ਕਿਉਂਕਿ ਇਕ ਡਾਇਰੀ ਉਪਰ ਹੀ ਦੋ ਚਾਰ ਲਫ਼ਜ਼ ਝਰੀਟ ਕੇ ਕੰਮ ਚਲਾ ਲਿਆ ਜਾਂਦਾ ਹੈ। ਇਨ੍ਹਾਂ ਦੀਆਂ ਫੀਸਾਂ ਅਤੇ ਦਾਖਲੇ ਅਸਮਾਨ ਨੂੰ ਛੂਹ ਰਹੇ ਹਨ ਜੋ ਕਿ ਆਮ ਵਿਅਕਤੀ ਦੀ ਪਹੁੰਚ ਤੋਂ ਬਾਹਰ ਹਨ। ਨਤੀਜਾ ਕੀ ਹੁੰਦਾ ਹੈ ਕਿ ਬੱਚਾ ਦੋ ਜਾਂ ਤਿੰਨ ਸਾਲ ਪ੍ਰੀ ਨਰਸਰੀ, ਨਰਸਰੀ ਵਿਚ ਹੀ ਘੁੰਮਦਾ ਰਹਿੰਦਾ ਹੈ।

ਕੁੱਝ ਕੁ ਲੋੜੀਂਦੇ ਸੁਝਾਅ ਦਿੱਤੇ ਜਾ ਰਹੇ ਹਨ, ਜਿਸ ਸਦਕਾ ਬਸਤੇ ਦਾ ਭਾਰ ਕੁਝ ਘਟਾਇਆ ਜਾ ਸਕਦਾ ਹੈ –

1. ਸਕੂਲ ਵਿਚ ਦਿੱਤਾ ਗਿਆ ਕਲਾਸ ਵਰਕ ਹੀ ਹੋਮ ਵਰਕ ਹੋਵੇ। ਕੰਮ ਘੱਟ ਹੋਣ ਦੀ ਸੂਰਤ ਵਿਚ ਬੱਚਾ ਧਿਆਨ ਨਾਲ ਪੜ੍ਹ ਸਕੇਗਾ। ਕਿਉਂਕਿ ਸਿਲੇਬਸ ਜੇ ਚਾਹੀਏ ਤਾਂ 6 ਕੁ ਮਹੀਨੇ ਵਿਚ ਹੀ ਪੂਰਾ ਹੋ ਸਕਦਾ ਹੈ।

2. ਛੋਟੇ ਬੱਚਿਆਂ ਨੂੰ ਸਮਝਾਉਣ ਦੇ ਲਈ ਚਾਰਟ, ਬਲੈਕ ਬੋਰਡ ਅਤੇ ਰੰਗ ਬਰੰਗੇ ਖਿਡੌਣਿਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਵੱਡੇ-ਵੱਡੇ ਚਾਰਟਾਂ ਤੋਂ ਬੱਚਾ ਛੇਤੀ ਸਿਖ ਸਕਤੀ ਹਾ। ੳ, ਅ ਅਤੇ ਗਿਣਤੀ ਦੇ ਵੱਡੇ ਚਾਰਟ ਜਾਂ ਫਿਰ ਪ੍ਰਿੰਟਡ ਬਲੈਕ ਬੋਰਡ ਬੱਚੇ ਦੇ ਗਿਆਨ ਵਿਚ ਵਾਧਾ ਕਰ ਸਕਦੇ ਹਨ।

3. ਵਾਧੂ ਵਿਸ਼ਾ ਜਿਵੇਂ ਡਰਾਇੰਗ, ਸੰਸਕ੍ਰਿਤ ਜਾਂ ਫਿਰ ਸਰੀਰਕ ਸਿੱਖਿਆ ਹੈ। ਹਫ਼ਤੇ ਵਿਚ ਸਿਰਫ਼ ਇਕ ਹੀ ਪੀਰੀਅਡ ਲਿਆ ਜਾਵੇ ਤਾਂ ਵੀ ਅਸੀਂ ਬੱਚੇ ਨੂੰ ਸਭ ਕੁਝ ਸਿਖਾ ਸਕਦੇ ਹਾਂ।

4. ਅੰਗਰੇਜ਼ੀ ਦੀ ਵਿਆਕਰਣ ਜ਼ਰੂਰੀ ਹੈ, ਸਕੂਲ ਲਿਜਾਣ ਦੀ ਲੋੜ ਨਹੀਂ ਸਮਝੀ ਜਾਣੀ ਚਾਹੀਦੀ, ਕਿਉਂਕਿ ਬੱਚਾ ਘਰ ਆ ਕੇ ਅੰਗਰੇਜ਼ੀ ਦੇ ਲੇਖ, ਕਹਾਣੀ ਅਤੇ ਵਿਆਕਰਣ ਸਬੰਧੀ ਲਿਖ ਸਕਦਾ ਹੈ।

5. ਪੰਜਾਬੀ ਅਤੇ ਹਿੰਦੀ ਦੀ ਵਿਆਕਰਣ ਵਾਧੂ ਹਨ, ਕਲਾਸ ਵਿਚ ਹੀ ਇਸ ਬਾਰੇ ਬੋਰਡ ਉਪਰ ਲਿਖਵਾ ਕੇ ਸਾਰ ਲਿਆ ਜਾ ਸਕਦਾ ਹੈ।

6. ਛੋਟੇ ਬੱਚਿਆਂ ਨੂੰ ਸਿਰਫ਼ ਦੋ ਜਾਂ ਤਿੰਨ ਕਾਪੀਆਂ ਦਾ ਹੀ ਵਜ਼ਨ ਦਿੱਤਾ ਜਾਵੇ। ਹਫ਼ਤੇ ਵਿਚ ਹਰ ਰੋਜ਼ ਇਕੋ ਹੀ ਵਿਸ਼ਾ ਪੜ੍ਹਾ ਕੇ ਅਸੀਂ ਬੱਚੇ ਨੂੰ ਠੀਕ ਸੇਧ ਦੇ ਸਕਦੇ ਹਾਂ, ਜਾਂ ਫਿਰ ਹਫ਼ਤੇ ਦੇ ਦਿਨ ਵੰਡ ਕੇ ਵੱਖ-ਵੱਖ ਵਿਸ਼ਿਆਂ ਤੇ ਵਿਚਾਰ ਕੀਤਾ ਜਾ ਸਕਦਾ ਹੈ।

7. ਬੱਚੇ ਨੂੰ ਕੰਮ ਘੱਟੋ ਘੱਟ ਦਿੱਤਾ ਜਾਵੇ, ਜਿਸਨੂੰ ਉਹ ਖੁਸ਼ੀ ਨਾਲ ਕਰ ਸਕੇ ਅਤੇ ਖੇਡ ਲਈ ਵੀ ਸਮਾਂ ਕੱਢ ਸਕੇ। ਜਿਸ ਦਿਨ ਉਹ ਖੇਡੇਗਾ ਹੀ ਨਹੀਂ, ਉਸ ਦਿਨ ਉਹ ਕੰਮ ਵੀ ਦਿਲ ਲਗਾ ਕੇ ਨਹੀਂ ਕਰੇਗਾ।

8. ਹਰ ਰੋਜ਼ ਜੇਕਰ ਇਕੋ ਹੀ ਵਿਸ਼ੇ ਦੇ ਦੋ-ਦੋ ਪੀਰੀਅਡ ਲਏ ਜਾਣ ਤਾਂ ਬੱਚਾ ਜ਼ਿੰਦਗੀ ਵਿਚ ਕੁੱਝ ਸਿਖੇਗਾ। ਉਸਦਾ ਕੰਮ ਵੀ ਧਿਆਨ ਨਾਲ ਚੈਕ ਕੀਤਾ ਜਾ ਸਕਦਾ ਹੈ। ਵਾਧੂ ਕਿਤਾਬਾਂ ਉਹ ਘਰ ਰੱਖੇਗਾ। ਇਸ ਪ੍ਰਕਾਰ ਘੱਟ ਭਾਰ ਚੁੱਕਦੇ ਸਮੇਂ ਉਹ ਖੁਸ਼ੀ ਮਹਿਸੂਸ ਕਰੇਗਾ ਅਤੇ ਭੱਜ-ਭੱਜ ਕੇ ਸਕੂਲ ਜਾਵੇਗਾ।

ਉਪਰੋਕਤ ਗੱਲਾਂ ਤੇ ਜੇਕਰ ਵਿਚਾਰ ਕੀਤੀ ਜਾਵੇ ਤਾਂ ਬਸਤੇ ਦਾ ਭਾਰ ਘਟਾਇਆ ਜਾ ਸਕਦਾ ਹੈ, ਜੋ ਕਿ ਬੱਚੇ ਅਤੇ ਮਾਪੇ ਦੋਵਾਂ ਲਈ ਚਿੰਤਾ ਦਾ ਵਿਸ਼ਾ ਹੈ। ਬਸਤੇ ਦੇ ਘੱਟ ਭਾਰ ਸਦਕਾ ਹੀ ਬੱਚਾ ਮਨ ਲਗਾ ਕੇ ਪੜ੍ਹ ਸਕੇਗਾ, ਖੇਡ ਸਕੇਗਾ ਅਤੇ ਸਿਹਤ ਪੱਖੋਂ ਵੀ ਠੀਕ ਰਹੇਗਾ।

# ''ਸਰਤ ਰੁੱਤ''

ਇੰਜੀ. ਪਰਮਿੰਦਰਜੀਤ ਸਿੰਘ



ਪਿਛਲੇ ਅੰਕ ਵਿਚ ਅਸੀਂ ਵਰਖਾ ਰੁੱਤ ਬਾਰੇ ਪੜ੍ਹ ਚੁੱਕੇ ਹਾਂ। ਇਸ ਵਾਰ ਅਗਲੀ ਰੁੱਤ 'ਸਰਦ ਰੁੱਤ' ਹੈ, ਜਿਸ ਨੂੰ ਵਿਦਵਾਨਾਂ ਅਤੇ ਆਯੁਰਵੈਦਿਕ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਰੁੱਤ 16 ਸਤੰਬਰ ਤੋਂ 18 ਨਵੰਬਰ ਤੱਕ ਮੰਨੀ ਜਾਂਦੀ ਹੈ। ਇਸ ਦਾ ਪ੍ਰਮਾਣ ਗੁਰਬਾਣੀ ਵਿਚੋਂ ਵੀ ਮਿਲਦਾ ਹੈ –

**ਰੁਤਿ ਸਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ ॥**
**ਖੋਜੰਤੀ ਦਰਸਨੁ ਫਿਰਤ ਕਬ ਮਿਲੀਐ ਗੁਣਤਾਸ ਜੀਉ ॥**
**ਬਿਨੁ ਕੰਤ ਪਿਆਰੇ ਨਹ ਸੂਖ ਸਾਰੇ ਹਾਰ ਕੰਙਣ ਧ੍ਰਿਗੁ ਬਨਾ ॥**
**ਸੁੰਦਰਿ ਸੁਜਾਣਿ ਚਤੁਰਿ ਬੇਤੀ ਸਾਸ ਬਿਨੁ ਜੈਸੇ ਤਨਾ ॥**
**ਈਤ ਉਤ ਦਹ ਦਿਸ ਅਲੋਕਨ ਮਨਿ ਮਿਲਨ ਕੀ ਪ੍ਰਭ ਪਿਆਸ ਜੀਉ ॥**
**ਬਿਨਵੰਤਿ ਨਾਨਕ ਧਾਰਿ ਕਿਰਪਾ ਮੇਲਹੁ ਪ੍ਰਭ ਗੁਣਤਾਸ ਜੀਉ ॥**

**ਅੰਗ - ੯੨੮**

ਆਯੁਰਵੇਦ ਅਨੁਸਾਰ ਸਾਰੀਆਂ ਰੁੱਤਾਂ ਵਿਚੋਂ ਸਰਦ ਰੁੱਤ ਨੂੰ ਰੋਗਾਂ ਦੀ ਮਾਂ ਕਿਹਾ ਜਾਂਦਾ ਹੈ। ਇਸ ਰੁੱਤ ਵਿਚ ਜ਼ਿਆਦਾ ਕਰਕੇ ਗਰਮੀ ਦੇ ਰੋਗ ਅਤੇ ਖ਼ੂਨ ਖਰਾਬ ਹੋ ਕੇ ਫੋੜੇ ਫਿਨਸੀਆਂ ਹੁੰਦੇ ਹਨ। ਸੂਰਜ ਦੀ ਗਰਮੀ ਵੀ ਬਹੁਤ ਤੇਜ਼ ਲੱਗਦੀ ਹੈ ਜਿਸ ਨੂੰ ਸ਼ਾਂਤ ਕਰਨ ਲਈ ਮਿੱਠੇ ਰਸ, ਮਿੱਠਾ ਭੋਜਨ ਲਾਭਕਾਰੀ ਹੈ ਜਿਵੇਂ ਕਿ ਸੇਬ, ਕੇਲਾ, ਮੁਰੱਬਾ ਆਦਿ। ਵਰਖਾ ਰੁੱਤ ਵਿਚ ਕੁਦਰਤੀ ਤੌਰ 'ਤੇ ਇਕੱਠੀ ਹੋਈ ਗਰਮੀ ਦਾ ਪ੍ਰਭਾਵ ਸਰਦ ਰੁੱਤ ਵਿਚ ਸਰੀਰ ਤੇ ਪੈਂਦਾ ਹੈ। ਇਸ ਰੁੱਤ ਵਿਚ ਜ਼ਿਆਦਾ ਕਰਕੇ ਬੁਖਾਰ, ਉਲਟੀਆਂ, ਦਸਤ, ਹੈਜ਼ਾ ਵਰਗੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ। ਇਸ ਰੁੱਤ ਵਿਚ ਨਮਕੀਨ, ਤਿੱਖੇ ਅਤੇ ਖੱਟੀਆਂ ਵਸਤੂਆਂ ਦੀ ਵਰਤੋਂ ਬਿਲਕੁਲ ਘੱਟ ਕਰਨੀ ਚਾਹੀਦੀ ਹੈ। ਸਬਜ਼ੀਆਂ ਤਾਂ ਇਸ ਰੁੱਤ ਵਿਚ ਬਹੁਤ ਹੁੰਦੀਆਂ ਹਨ ਪਰ ਉਨ੍ਹਾਂ ਵਿਚ ਵਰਖਾ ਰੁੱਤ ਦੇ ਪਾਣੀ ਦੀ ਮਾਤਰਾ ਜ਼ਿਆਦਾ ਹੋਣ ਕਰਕੇ, ਇਨ੍ਹਾਂ ਨੂੰ ਜ਼ਿਆਦਾ ਖਾਣਾ ਸਿਹਤ ਲਈ ਠੀਕ ਨਹੀਂ ਹੈ।

ਅਨਾਜ ਵਗੈਰਾ ਵਿਚੋਂ ਕਣਕ, ਜੌਂ, ਜਵਾਰ, ਚਾਵਲ ਆਦਿ ਦੀ ਵਰਤੋਂ ਕੀਤੀ ਜਾ ਸਕਦੀ ਹੈ। ਮੂੰਗੀ ਦੀ ਦਾਲ, ਛੋਲੇ, ਮਸਰ, ਮਟਰ ਅਤੇ ਸਬਜ਼ੀਆਂ ਵਿਚੋਂ ਕਾਲੀ ਤੋਰੀ, ਚਲਾਈ, ਗੋਭੀ, ਗਾਜਰ, ਆਲੂ, ਘੀਆ (ਲੌਕੀ) ਪਾਲਕ, ਜ਼ਿਮੀਕੰਦ ਆਦਿ ਸਬਜ਼ੀਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਪੱਕਾ ਪਪੀਤਾ, ਮੌਸੰਮੀ, ਅੰਜ਼ੀਰ, ਪੱਕੇ ਕੇਲੇ, ਜਾਮਣ, ਅਨਾਰ, ਅੰਗੂਰ, ਨਿੰਬੂ ਆਦਿ ਫਲਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਡਰਾਈ ਫਰੂਟ ਵਿਚ ਅਖਰੋਟ, ਕਾਜੂ, ਖਜੂਰ, ਬਾਦਾਮ, ਪਿਸ਼ਤਾ ਵਰਤੇ ਜਾ ਸਕਦੇ ਹਨ। ਦੇਸੀ ਘਿਉ, ਦੁੱਧ, ਚਾਵਲ, ਗਰਮੀ ਸ਼ਾਂਤ ਕਰਨ ਵਾਲੇ ਪਦਾਰਥਾਂ ਦਾ ਸੇਵਨ ਇਸ ਰੁੱਤ ਵਿਚ ਕਾਫੀ ਲਾਭਦਾਇਕ ਹੁੰਦਾ ਹੈ। ਨਾਰੀਅਲ ਦਾ ਤੇਲ ਵੀ ਲਾਭਕਾਰੀ ਹੁੰਦਾ ਹੈ।

ਇਸ ਰੁੱਤ ਵਿਚ ਹੇਠਾਂ ਲਿਖੀਆਂ ਚੀਜ਼ਾਂ ਦਾ ਖਾਸ ਧਿਆਨ ਰੱਖਿਆ ਜਾਣਾ ਚਾਹੀਦਾ ਹੈ –

ਬਾਹਰ ਤ੍ਰੇਲ ਵਿਚ ਘੁੰਮਣਾ ਜਾਂ ਸੌਣਾ, ਦਹੀਂ, ਖੱਟੀ ਲੱਸੀ, ਗਰਮ ਤੇ ਤੇਜ਼ ਚੀਜ਼ਾਂ ਅਤੇ ਖੱਟੇ ਰਸਾਂ ਦੀ ਵਰਤੋਂ ਕਰਨੀ ਠੀਕ ਨਹੀਂ ਸਮਝੀ ਜਾਂਦੀ। ਬਾਜਰਾ, ਮਾਂਹ, ਲਸਣ, ਪਿਆਜ਼, ਮੇਥੀ ਦੀ ਭਾਜੀ, ਬੈਂਗਣ, ਇਮਲੀ, ਹਿੰਗ, ਪੁਦੀਨਾਂ, ਫਾਲਸਾ, ਅਨਾਨਾਸ, ਤਿਲ, ਮੂੰਗਫਲੀ, ਸਰੋਂ ਆਦਿ ਵੀ ਗਰਮ ਤਸੀਰ ਹੋਣ ਕਰਕੇ ਵਰਤੋਂ ਲਈ ਚੰਗੇ ਨਹੀਂ ਹਨ। ਇਸ ਰੁੱਤ ਵਿਚ ਤੇਲ ਦੀ ਜਗ੍ਹਾ ਘਿਉ ਦੀ ਵਰਤੋਂ ਕਰਨੀ ਠੀਕ ਹੈ।

ਇਸ ਰੁੱਤ ਵਿਚ ਖੀਰ ਅਤੇ ਸਬਜ਼ੀ ਨੂੰ ਠੰਢਾ ਕਰਕੇ ਖਾਣਾ ਵੀ ਚੰਗਾ ਮੰਨਿਆ ਗਿਆ ਹੈ। ਗੰਨੇ ਦਾ ਰਸ ਅਤੇ ਨਾਰੀਅਲ ਦਾ ਪਾਣੀ ਤਾਂ ਬਹੁਤ ਹੀ ਲਾਭਦਾਇਕ ਮੰਨਿਆ ਗਿਆ ਹੈ। ਇਸ ਰੁੱਤ ਵਿਚ ਸਰੀਰ ਤੇ ਕਪੂਰ ਚੰਦਨ ਦਾ ਵਟਣਾ ਲਗਾਉਣ ਨਾਲ ਵੀ ਸਰੀਰ ਨੂੰ ਠੰਡਕ ਪਹੁੰਚਦੀ ਹੈ। ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਰਾਤ ਨੂੰ ਚਾਂਦਨੀ 'ਚ ਬੈਠਣ ਦਾ ਅਗਰ ਮੌਕਾ ਲੱਗੇ ਤਾਂ ਜ਼ਰੂਰ ਬੈਠਣਾ ਚਾਹੀਦਾ ਹੈ। ਚੰਬੇਲੀ, ਗੁਲਾਬ ਅਤੇ ਰਾਤ ਦੀ ਰਾਣੀ ਵਰਗੇ ਫੁੱਲਾਂ ਦੀ ਸੁਗੰਧ ਮਿਲੇ ਤਾਂ ਬਹੁਤ ਹੀ ਵਧੀਆ ਹੈ। ਦਿਨ ਵੇਲੇ ਸੌਣਾ, ਧੁੱਪ ਵਿਚ ਫਿਰਨਾ, ਬਰਫ਼, ਫਰਿਜ਼ ਦਾ ਪਾਣੀ, ਜ਼ਿਆਦਾ ਕਸਰਤ ਕਰਨੀ ਸਭ ਹਾਨੀਕਾਰਕ ਹਨ। ਸਿਆਣਿਆਂ ਨੇ ਕਿਹਾ ਹੈ ਕਿ ਇਲਾਜ ਨਾਲੋਂ ਪਰਹੇਜ਼ ਚੰਗਾ।

**ਨੋਟ** - ਡਾਕਟਰ ਦੀ ਸਲਾਹ ਜ਼ਰੂਰੀ ਹੈ ਕੋਈ ਵੀ ਨੁਸਖਾ ਡਾਕਟਰ ਦੀ ਸਲਾਹ ਤੋਂ ਬਗੈਰ ਨਹੀਂ ਅਜਮਾਉਣਾ ਚਾਹੀਦਾ।

# ਮਨੁੱਖ ਹੋਣ ਦਾ ਗੌਰਵ ਕਿੱਥੇ ਹੈ?



*ਡਾ. ਸ਼ਿਆਮ ਸੁੰਦਰ ਦੀਪਤੀ*

ਇਹ ਗੱਲ ਮਨ ਨੂੰ ਪ੍ਰੇਸ਼ਾਨ ਅਤੇ ਬੇਚੈਨ ਕਰਦੀ ਹੈ, ਜਦੋਂ ਅੱਜ ਇੱਕੀਵੀਂ ਸਦੀ ਵਿਚ ਮਨੁੱਖੀ ਵਿਕਾਸ ਦੀਆਂ ਅਸਧਾਰਨ, ਅਦੁੱਤੀ, ਹੈਰਾਨ ਕਰ ਦੇਣ ਵਾਲੀਆਂ ਪ੍ਰਾਪਤੀਆਂ ਦਾ ਸਿਖਰ ਹੋਵੇ, ਦੁਨੀਆਂ ਇਕ ਗਲੋਬਲ ਵਿਲੇਜ ਬਣ ਗਈ ਹੋਵੇ, ਹਜ਼ਾਰਾਂ ਮੀਲ ਦੂਰ ਬੈਠੇ ਦੋਸਤਾਂ-ਸਨੇਹੀਆਂ ਨਾਲ ਮਿੰਟਾਂ-ਸਕਿੰਟਾਂ ਵਿਚ ਫੇਸ-ਟੂ-ਫੇਸ ਗੱਲ ਕਰ ਸਕਦੇ ਹੋਈਏ, ਭਾਵ ਇਕ ਪਾਸੇ ਏਨੀ ਨੇੜਤਾ ਹੋ ਰਹੀ ਹੋਵੇ ਤੇ ਦੂਸਰੇ ਪਾਸੇ ਦੁਨੀਆਂ ਭਰ ਵਿਚ ਯੂ.ਐਸ. ਫਸਟ, ਭਾਰਤ ਪਹਿਲਾਂ... ਤੇ ਭਾਰਤ ਵਿਚ ਹੀ ਅੱਗੇ ਹੋਰ ਬਰੀਕੀ ਦੀਆਂ ਪਹਿਲ ਕਦਮੀਆਂ ਮਰਾਠੀ ਗੌਰਵ, ਕੱਨੜ ਹੋਣ ਦਾ ਮਾਣ... ਤੇ ਫੇਰ ਇਲਾਕੇ ਅਤੇ ਬੋਲੀ ਦੇ ਮਾਨ ਤੋਂ ਅੱਗੇ ਧਰਮ, ਜਾਤ-ਬਰਾਦਰੀ ਵਿਚ ਵੱਧ ਰਹੀ ਭਾਵਨਾ ਕਿ ਅਸੀਂ ਕਿਸ ਤੋਂ ਘੱਟ ਹਾਂ।

ਇਹ ਸਾਰੇ ਭਾਵ-ਅਹਿਸਾਸ, ਹੌਲੀ-ਹੌਲੀ ਆਪਸੀ ਟਕਰਾਵ 'ਤੇ ਪਹੁੰਚਦੇ ਹਨ ਤੇ ਆਪਸੀ ਟਕਰਾਅ ਦਾ ਨਤੀਜਾ ਨਫ਼ਰਤ ਅਤੇ ਫਿਰ ਆਪਣੀ ਮਾਣ-ਮਰਿਆਦਾ ਕਾਇਮ ਰੱਖਣ ਲਈ ਕੁਰਬਾਨ ਹੋਣ ਦੀ ਗੱਲ ਸਾਹਮਣੇ ਆਉਂਦੀ ਹੈ। ਇੱਕੀਵੀਂ ਸਦੀ ਦਾ ਮਨੁੱਖ ਇਸ ਤਰ੍ਹਾਂ ਦੇ ਤਿੱਖੇ ਅਹਿਸਾਸਾਂ ਵਿਚੋਂ ਲੰਘ ਰਿਹਾ ਹੈ।

ਮਨੁੱਖ ਹੋਣ ਦੇ ਗੌਰਵ ਨੂੰ ਸਮਝਣ ਦੀ ਥਾਂ ਅਸੀਂ ਖਿੱਤੇ, ਖੇਤਰ, ਰੰਗ, ਬੋਲੀ, ਖਾਣ-ਪੀਣ, ਪਹਿਨਣ ਨੂੰ ਅਹਿਮੀਅਤ ਦੇਣ ਲੱਗੇ ਹੋਏ ਹਾਂ। ਇਸੇ ਤਰ੍ਹਾਂ ਧਰਮ ਦੇ ਗੌਰਵ ਦੀ ਗੱਲ ਹੈ, ਜੋ ਸਾਨੂੰ ਇਨਸਾਨ ਬਨਣ ਤੋਂ ਪਹਿਲਾਂ ਹਿੰਦੂ, ਸਿੱਖ, ਮੁਸਲਮਾਨ ਜਾਂ ਈਸਾਈ ਬਨਣ ਅਤੇ ਬਣੇ ਰਹਿਣ ਨੂੰ ਪਹਿਲ ਦੇਣਾ ਸਿਖਾਉਂਦਾ ਹੈ ਤੇ ਧਰਮ ਤੇ ਮਾਣ ਕਰਨ ਲਈ ਪ੍ਰੇਰਦਾ ਹੈ। ਧਰਮ ਤੋਂ ਬਾਅਦ ਇਹ ਅੰਬੇਡਕਰਵਾਦੀ, ਰਾਮਗੜ੍ਹੀਆ ਜਾਂ ਬਾਲਮੀਕੀ ਹੋਣ ਤੇ ਮਾਣ ਕਰਨਾ ਸਿਖਾਉਂਦਾ ਹੈ ਤੇ ਇਸ ਤਰ੍ਹਾਂ ਇਨ੍ਹਾਂ ਵੱਖ-ਵੱਖ ਪਛਾਣ-ਚਿੰਨ੍ਹਾਂ ਦੇ ਇਸ਼ਤਿਹਾਰਾਂ ਹੇਠ ਮਨੁੱਖ ਦਾ ਚਿਹਰਾ ਏਨਾ ਵਿਗੜ ਜਾਂਦਾ ਹੈ ਕਿ ਪਛਾਨਣਾ ਹੀ ਮੁਸ਼ਕਿਲ ਹੋ ਜਾਂਦਾ ਹੈ। ਜਦੋਂ ਕਿ ਕਹਿਣ ਨੂੰ ਹਰ ਸ਼ਖ਼ਸ, ਇਨ੍ਹਾਂ ਰਸਤਿਆਂ ਤੇ ਤੁਰਨ ਨੂੰ ਆਪਣੀ ਪਛਾਣ ਦੀ ਲੜਾਈ ਕਹਿ ਕੇ ਲੜਦਾ ਹੈ।

ਮਨੁੱਖ ਕੋਲ ਮਾਣ ਕਰਨ ਨੂੰ ਬਹੁਤ ਕੁਝ ਹੈ। ਮਨੁੱਖ ਦੀਆਂ ਸਾਰੀਆਂ ਪ੍ਰਾਪਤੀਆਂ ਦਾ ਸਿਹਰਾ, ਉਸ ਦੀ ਵਿਲੱਖਣ ਬੁੱਧੀ, ਉਸ ਦੀ ਸਿਆਣਪ ਨੂੰ ਜਾਂਦਾ ਹੈ। ਮਨੁੱਖ ਦੀ ਸਿਆਣਪ ਦਾ ਹੀ ਨਤੀਜਾ ਹੈ ਕਿ ਉਸ ਨੇ ਕੁਦਰਤ ਨੂੰ ਸਿਰਫ਼ ਨੀਝ ਨਾਲ ਤੱਕਿਆ ਹੀ ਨਹੀਂ, ਉਸ ਦੇ ਪਿੱਛੇ ਛੁਪੇ ਕਾਰਨਾਂ ਨੂੰ ਜਾਨਣ ਦੀ ਕੋਸ਼ਿਸ਼ ਵੀ ਕੀਤੀ ਹੈ, ਜੋ ਕਿ ਅੱਜ ਤੱਕ ਜਾਰੀ ਹੈ। ਅਸੀਂ ਸੋਚਣ ਵਾਲੇ ਜੀਵ ਹਾਂ-ਥਿੰਕਿੰਗ ਐਨੀਮਲ। ਭਾਵੇਂ ਸੋਚਦੇ ਜਾਨਵਰ ਵੀ ਹਨ, ਪਰ ਅਸੀਂ ਸਹੀ ਅਰਥਾਂ ਵਿਚ ਸੋਚ ਰਾਹੀਂ ਹਾਲਾਤਾਂ ਦਾ ਵਿਸ਼ਲੇਸ਼ਣ ਕਰਦੇ ਹਾਂ। ਸਾਡੀ ਬੁੱਧੀ ਵਿਸ਼ੇਲੇਸ਼ਣੀ ਗੁਣ ਵਾਲੀ ਹੈ। ਅਸੀਂ ਆਪਣੀ ਜ਼ਿੰਦਗੀ ਦੀਆਂ ਮੁਸ਼ਕਿਲਾਂ ਸੁਲਝਾਉਣ ਲਈ, ਕਈ ਬਦਲਵੇਂ ਢੰਗ-ਤਰੀਕੇ ਸੋਚਦੇ ਹਾਂ। ਉਨ੍ਹਾਂ ਦੇ ਠੀਕ-ਗਲਤ ਪਹਿਲੂਆਂ ਦੀ ਚਰਚਾ ਕਰਦੇ ਹਾਂ। ਉਨ੍ਹਾਂ ਦੀ ਤੁਲਨਾ ਕਰਕੇ, ਇਕ ਵਧੀਆ-ਵਾਜਬ ਰਾਹ ਚੁਨਣ ਦਾ ਢੰਗ ਸਾਨੂੰ ਆਉਂਦਾ ਹੈ।

ਮਨੁੱਖ ਨੇ ਜੰਗਲੀ ਵਿਕਾਸ ਦੇ ਸਮੇਂ ਲੜਾਈ ਤੋਂ ਵੀ ਕੰਮ ਲਿਆ ਤੇ ਫਿਰ ਬੁੱਧੀ ਦੇ ਵਿਕਾਸ ਨਾਲ ਜੰਗ ਨੂੰ ਨਕਾਇਆ। ਅਸੀਂ ਸੋਚਿਆ ਕਿ ਲੜਾਈ ਸਮੱਸਿਆਵਾਂ ਦਾ ਹੱਲ ਨਹੀਂ ਹੈ। ਮਨੁੱਖ ਕੋਲ ਸਹਿਯੋਗ ਅਤੇ ਮਿਲਵਰਤਨ ਦੇ ਗੁਣ ਨੇ। ਇਸੇ ਸਿਆਣਪ ਦਾ ਨਤੀਜਾ ਹੈ ਕਿ ਅਸੀਂ ਯੂ.ਐਨ.ਓ., ਵਿਸ਼ਵ ਸਿਹਤ ਸੰਸਥਾ ਆਦਿ ਵਰਗੀਆਂ ਅਨੇਕਾਂ ਸੰਸਥਾਵਾਂ ਰਾਹੀਂ, ਮਨੁੱਖ ਨੂੰ ਸਮਝਣ ਅਤੇ ਉਸ ਦੇ ਦਰਦ ਨੂੰ ਨਿਪਟਾਉਣ ਲਈ ਕੋਸ਼ਿਸ਼ਾਂ ਕੀਤੀਆਂ ਅਤੇ ਕਰ ਵੀ ਰਹੇ ਹਾਂ। ਸਾਡੀ ਮਨੁੱਖੀ ਮੰਸ਼ਾ ਹੈ ਕਿ ਕੋਈ ਵੀ ਵਿਅਕਤੀ ਰਾਤੀਂ ਭੁੱਖਾ ਨਾ ਸੋਵੇ। ਸ਼ਾਂਤੀ ਦਾ ਮਾਹੌਲ ਹੋਵੇ। ਇਸ ਸੋਚ ਪ੍ਰਤੀ ਲੋਕ ਵਸੇ ਹਨ ਤੇ ਨਾਲ ਹੀ ਇਸ ਦੇ ਉਲਟ ਵੀ ਹੋ ਰਿਹਾ ਹੈ। ਪਰ ਸਾਡੇ ਸਿਆਣਪ ਕੋਲ ਰਾਹ ਜ਼ਰੂਰ ਹੈ।

ਅਸੀਂ ਅਸਲ ਵਿਚ ਵਿਸ਼ਲੇਸ਼ਣੀ ਜੀਵ ਹਾਂ। ਜਾਨਵਰਾਂ ਦੀ ਕਾਰਜ ਪ੍ਰਣਾਲੀ ਭੱਜੋ ਜਾਂ ਭਿੜੋ ਵਾਲੀ ਹੈ। ਉਨ੍ਹਾਂ ਨੂੰ ਤੰਤੂ ਪ੍ਰਣਾਲੀ ਅਤੇ ਸਰੀਰਕ ਰਸਾਇਣ ਸੁਨੇਹਾ ਦਿੰਦੇ ਹਨ। ਮਨੁੱਖੀ ਦਿਮਾਗ਼ ਸੋਚਦਾ, ਵਿਚਾਰਦਾ, ਵਿਸ਼ਲੇਸ਼ਣ ਕਰਕੇ ਸਿੱਟਾ ਕੱਢਦਾ ਅਤੇ ਫੈਸਲਾ ਲੈਂਦਾ ਹੈ। ਇਹ ਸਾਡਾ ਗੁਣ ਹੈ, ਇਹ ਸਾਡਾ ਗੌਰਵ ਵੀ ਹੈ? ਕੀ ਸਾਡੀ ਵਿਸ਼ਲੇਸ਼ਣੀ ਬੁੱਧੀ ਕਦੇ ਨਹੀਂ ਕਹਿੰਦੀ ਕਿ ਅਸੀਂ ਕਿਸ ਤਰ੍ਹਾਂ ਦੀਆਂ ਗੈਰ-ਉਸਾਰੂ ਕਾਰਜਾਂ ਵਿਚ ਉਲਝੇ ਪਏ ਹਾਂ। ਅਸੀਂ ਕਿਉਂ ਖਾਨੇ-ਖਾਕੇ ਬਣਾ ਲਏ ਹਨ। ਵਿਚਾਰਾਂ ਦੇ ਟਕਰਾਅ ਅਤੇ ਵਿਕਾਸ ਦੀ ਥਾਂ ਅਸੀਂ ਖਾਣ-ਪੀਣ ਪਹਿਨਣ ਨੂੰ ਮਾਣ ਸਮਝਦੇ ਹਾਂ ਤੇ ਟਕਰਾਅ ਦੀ ਹਾਲਤ ਪੈਦਾ ਕਰ ਲੈਂਦੇ ਹਾਂ। ਜੇਕਰ ਅਸੀਂ ਇਸ ਤਾਕਤਵਰ ਪਹਿਲੂ ਨੂੰ ਨਾ ਸਮਝਦੇ ਹੋਏ, ਇਸ ਦਾ ਇਸਤੇਮਾਲ ਨਹੀਂ ਕਰਦੇ ਤਾਂ ਅਸੀਂ ਆਪਣੀ ਮਨੁੱਖੀ ਸ਼ਖ਼ਸੀਅਤ ਦਾ, ਉਸ ਵਿਚ ਮੌਜੂਦ ਵਿਸ਼ੇਸ਼ ਗੁਣ ਦਾ ਅਪਮਾਨ ਕਰ ਰਹੇ ਹਾਂ।

ਮਨੁੱਖੀ ਜੀਵ ਵਿਕਾਸ ਦੀ ਪ੍ਰਕਿਰਿਆ ਵਿਚ, ਅਸੀਂ ਇਕੱਠੇ ਬੈਠਣਾ ਸਿੱਖੇ। ਜਾਨਵਰ ਵੀ ਮਿਲ ਕੇ ਝੁੰਡਾਂ ਵਿਚ ਰਹਿੰਦੇ ਹਨ। ਪਰ ਅਸੀਂ ਝੁੰਡ ਨਹੀਂ ਹਾਂ। ਅਸੀਂ ਸਿਰਫ਼ ਇਕ ਦੂਸਰੇ ਨੂੰ ਸਰੀਰਕ ਪੱਧਰ ਤੇ, ਨੈਨ-ਨਕਸ਼ ਪੱਖੋਂ ਹੀ ਨਹੀਂ ਜਾਣਦੇ-ਪਛਾਣਦੇ, ਅਸੀਂ ਮਾਨਸਿਕ ਤੌਰ 'ਤੇ ਵੀ ਇਕ ਦੂਸਰੇ ਨੂੰ ਜਾਣਦੇ ਹਾਂ ਤੇ ਸਮਝਦੇ ਹਾਂ। ਇਕ ਦੂਸਰੇ ਨੂੰ ਸਮਝਣਾ ਮਨੁੱਖੀ ਸ਼ਖ਼ਸੀਅਤ ਦਾ ਵੱਖਰਾ ਵਿਸ਼ੇਸ਼ ਗੁਣ ਹੈ। ਇਹੀ ਸਮਝ ਵਾਲਾ ਪਹਿਲੂ ਹੈ ਕਿ ਇਕ ਦੂਸਰੇ ਦਾ ਦਰਦ ਮਹਿਸੂਸ ਕਰਦੇ ਹਾਂ ਅਤੇ ਉਨ੍ਹਾਂ ਦੇ ਦਰਦ ਵਿਚ ਸ਼ਰੀਕ ਹੁੰਦੇ ਹਾਂ। ਅਸੀਂ ਸਮਾਜਿਕ ਪ੍ਰਾਣੀ ਹਾਂ। ਅਸੀਂ ਇਕ ਦੂਸਰੇ ਦੀ ਮੱਦਦ ਲਈ ਅੱਗੇ ਵਧਦੇ ਹਾਂ। ਇਹ ਮੱਦਦ ਕਰਨ ਦੀ ਭਾਵਨਾ, ਇਹ ਕਿਸੇ ਦੇ ਕੰਮ ਆਉਣ ਦੀ ਚਾਹ ਸਾਡੀ ਤਾਕਤ ਹੈ। ਸਾਨੂੰ ਮਨੁੱਖ ਹੋਣ ਤੇ ਮਾਣ ਹੋਣਾ ਚਾਹੀਦਾ ਹੈ ਕਿ ਅਸੀਂ ਮਿਲ ਕੇ, ਇਕ ਦੂਸਰੇ ਦੇ ਭਾਈਵਾਲ ਦੇ ਤੌਰ ਤੇ ਰਹਿਣ ਵਾਲੇ ਜੀਵ ਹਾਂ। ਅਸੀਂ ਮਨੁੱਖ ਦੇ ਤੌਰ ਤੇ ਸਿਰਫ਼ ਆਪਣੇ ਵਰਗੇ ਮਨੁੱਖਾਂ ਦਾ ਹੀ ਨਹੀਂ, ਹੋਰ ਜੀਵਾਂ ਦੇ ਦਰਦ ਨੂੰ ਵੀ ਸਮਝਦੇ ਹਾਂ। ਅਸੀਂ ਇਹ ਸਥਿਤੀ ਦਾ ਜਾਇਜ਼ਾ ਇਸ ਗੱਲ ਤੋਂ ਲੈ ਸਕਦੇ ਹਾਂ ਕਿ ਭਾਵੇਂ ਅਸੀਂ ਖੁਦ ਹੀ ਸ਼ੇਰਾਂ-ਹਾਥੀਆਂ ਦੀ ਗਿਣਤੀ ਘੱਟ ਕਰਨ ਦੇ ਜ਼ਿੰਮੇਵਾਰ ਹਾਂ, ਪਰ ਮਨੁੱਖੀ ਸ਼ਖ਼ਸੀਅਤ ਦਾ ਇਹ ਗੁਣ ਹੀ, ਉਨ੍ਹਾਂ ਨੂੰ ਬਚਾਉਣ ਦਾ ਫ਼ਿਕਰ ਕਰ ਰਿਹਾ ਹੈ। ਅਸੀਂ ਦਰੱਖ਼ਤਾਂ ਨੂੰ ਕੱਟ ਕੇ, ਪੰਛੀਆਂ ਦੇ ਆਲ੍ਹਣੇ ਤਬਾਹ ਕੀਤੇ, ਪਰ ਹੁਣ ਅਸੀਂ ਉਨ੍ਹਾਂ ਲਈ ਆਲ੍ਹਣੇ ਬਣਾ ਕੇ ਟੰਗ ਵੀ ਰਹੇ ਹਾਂ ਤੇ ਉਨ੍ਹਾਂ ਲਈ ਦਾਣਾ-ਪਾਣੀ ਦਾ ਬੰਦੋਬਸਤ

ਕਰਨ ਲਈ ਜ਼ਿੰਮੇਵਾਰੀ ਵੀ ਲੈ ਰਹੇ ਹਾਂ। ਸਾਨੂੰ ਇਸ ਮਨੁੱਖੀ ਗੁਣ ਨੂੰ ਪਛਾਣ ਕੇ, ਉਭਾਰਨ ਦੀ ਲੋੜ ਹੈ ਤੇ ਇਸ 'ਤੇ ਮਾਣ ਕਰਨ ਦੀ ਗੱਲ ਨੂੰ ਪ੍ਰਚਾਰਨ ਦੀ ਲੋੜ ਵੀ ਹੈ।

ਅਸੀਂ ਅਕਸਰ ਦੇਖਦੇ ਹਾਂ, ਮਨੁੱਖ ਇਕੱਲਾ ਬੈਠਿਆਂ ਸੋਚਦਾ ਹੈ, ਉਹ ਆਪਣੇ ਆਲੇ-ਦੁਾਲੇ ਦਾ ਜਾਇਜ਼ਾ ਲੈਂਦਾ ਹੈ। ਉਸ ਆਲੇ-ਦੁਆਲੇ ਪਸਰੇ ਸਮਾਜ ਵਿਚ ਆਪਣੀ ਭੂਮਿਕਾ ਤਲਾਸ਼ ਕਰਦਾ ਹੈ। ਉਹ ਆਪਣੇ ਆਪ ਨਾਲ ਸਵਾਲ ਕਰਦਾ ਹੈ - ਮੈਂ ਕੌਣ ਹਾਂ? ਮੇਰਾ ਕੀ ਕਾਰਜ ਹੈ? ਮਨੁੱਖੀ ਸ਼ਖ਼ਸੀਅਤ ਦਾ ਇਹ ਗੁਣ ਕਿ ਉਹ ਆਪਣੇ ਆਪ ਨਾਲ ਗੱਲ ਕਰ ਸਕਦਾ ਹੈ, ਇਕ ਵੱਡੀ ਅਹਿਮੀਅਤ ਰੱਖਦਾ ਹੈ। ਮਨੁੱਖ ਦਾ ਸਵੈ ਜੋ ਵਿਅਕਤੀ ਨੂੰ ਕੁਝ ਕਰਨ ਅਤੇ ਅੱਗੇ ਵੱਧਣ ਲਈ ਹੱਲਾਸ਼ੇਰੀ ਦਿੰਦਾ ਹੈ। ਫਿਰ ਵਿਅਕਤੀ ਸਮਾਜ ਨੂੰ ਮੁਖਾਤਿਬ ਹੁੰਦਾ, ਫਿਰ ਵਿਅਕਤੀ ਸਿਆਣਪ ਦਾ ਲੜ ਫੜਦਾ ਹੈ। ਸਿਆਣਪ, ਸਮਾਜ ਅਤੇ ਸਵੈ ਦਾ ਆਪਸੀ ਸੰਵਾਦ ਬਹੁਤ ਕੁਝ ਕਰ ਸਕਦਾ ਹੈ। ਇਸ ਤਿਕੜੀ ਵਿਚ ਬਹੁਤ ਸੰਭਾਵਨਾਵਾਂ ਹਨ ਕਿ ਇਹ ਧਰਤੀ, ਇਥੇ ਹੀ ਰਹਿਣਯੋਗ ਹੋ ਸਕਦੀ ਹੈ। ਕਿਸੇ ਨੂੰ ਕਿਸੇ ਤਰ੍ਹਾਂ ਦੇ ਭਰਮ-ਭੁਲੇਖੇ ਵਿਚ ਪਾ ਕੇ, ਸਵਰਗ ਦੀ ਟਿਕਟ ਬੁੱਕ ਕਰਵਾਉਣ ਦੀ ਲੋੜ ਨਹੀਂ ਹੈ।

ਮਨੁੱਖੀ ਵਿਸ਼ਲੇਸ਼ਣ ਜੇਕਰ ਧਰਤੀ ਅਤੇ ਉਸ ਦੇ ਜੀਵਾਂ ਦੀ ਉਤਪਤੀ ਨੂੰ ਸਮਝ ਸਕਦਾ ਹੈ ਤਾਂ ਉਸ ਵਿਚ ਏਨੀ ਸਮਰੱਥਾ ਹੈ ਕਿ ਧਰਤੀ ਦਾ ਇਹ ਜੀਵਨ ਕਿਵੇਂ ਤਬਾਹ ਹੋ ਸਕਦਾ ਹੈ, ਬਾਰੇ ਵੀ ਸਮਝ ਰੱਖਦਾ ਹੋਵੇ। ਇਹ ਸਭ ਜਾਣਦੇ ਹੋਏ ਵੀ, ਤਬਾਹੀ ਵੱਲ ਲੈ ਜਾਣ ਵਾਲੇ ਸਾਰੇ ਉਪਰਾਲੇ ਕਰੀ ਜਾਵੇ ਤਾਂ ਇਹ ਉਨ੍ਹਾਂ ਦੀ ਨਾਦਾਨੀ ਹੀ ਨਹੀਂ, ਸਗੋਂ ਮਨੁੱਖੀ ਹਸਤੀ ਉੱਪਰ ਇਕ ਬਹੁਤ ਵੱਡਾ ਪ੍ਰਸ਼ਨਚਿੰਨ੍ਹ ਹੈ।

ਸਮਾਜ ਅਤੇ ਸਿਆਣਪ ਦਾ ਜੋੜ ਹੈ ਕਿ ਸਾਡੇ ਕੋਲ ਕਿੰਨੇ ਹੀ ਹੱਥ ਹਨ ਅਤੇ ਕਿੰਨੇ ਹੀ ਵਿਚਾਰ। ਇਹ ਕੀ ਦਾ ਕੀ ਕਰ ਸਕਦੇ ਹਨ ਤੇ ਅਸੀਂ ਕੀਤਾ ਵੀ ਹੈ। ਹਨ੍ਹੇਰੇ ਨੂੰ ਰੋਸ਼ਨੀ ਵਿਚ ਤਬਦੀਲ ਕਰਨ ਤੋਂ ਵੱਡਾ ਕੀ ਕਾਰਨ ਹੋ ਸਕਦਾ ਹੈ? ਜਮੀ ਹੋਈ ਬਰਫ਼ ਨੂੰ ਪਿਘਲਾਉਣ ਤੋਂ ਵੱਧ ਕੀ ਅਜੂਬਾ ਹੋ ਸਕਦਾ ਹੈ? ਮਰਨ ਕਿਨਾਰੇ ਬੰਦੇ ਵਿਚ, ਇਕ ਸਿਹਤਮੰਦ ਵਿਅਕਤੀ ਦੇ ਸਾਹ ਭਰਣਾ, ਕੀ ਕਰਾਮਾਤ ਤੋਂ ਘੱਟ ਹੈ?

**ਸਮਾਜ**-ਮਿਲੇ ਰਹਿਣਾ, ਸਹਿਯੋਗ ਅਤੇ ਇਕੱਠੇ ਬੈਠ ਕੇ ਸੋਚਣਾ। ਤੁਸੀਂ ਸੋਚ ਕੇ ਦੇਖੋ ਕਿ ਮੈਨੂੰ ਕਿਸੇ ਦੀ ਲੋੜ ਨਹੀਂ। ਮੈਂ ਕਿਸੇ ਤੇ ਨਿਰਭਰ ਨਹੀਂ। ਤੁਸੀਂ ਘਰੇ ਜਾ ਕੇ ਖੁਦ ਰੋਟੀ ਬਣਾਈ, ਸਬਜ਼ੀ ਨੂੰ ਤੜਕਾ ਲਾਇਆ ਤੇ ਖੁਸ਼ ਹੋ ਗਏ। ਆਟਾ ਕਿਥੋਂ ਆਇਆ? ਸਬਜ਼ੀ ਕਿਵੇਂ ਤੁਹਾਡੇ ਹੱਥਾਂ ਤੱਕ ਪਹੁੰਚੀ। ਚਕਲਾ-ਵੇਲਣਾ, ਸਟੋਵ, ਤੇਲ, ਤਵਾ...। ਖੁਦ ਸਮਝ ਲਵੋਂਗੇ ਮਿਲਵਰਤਨ ਦਾ ਮਤਲਬ ਅਤੇ ਮਹੱਤਵ।

ਮਨੁੱਖ ਜਦੋਂ ਆਪਸ ਵਿਚ ਮਿਲਦਾ ਹੈ, ਰਲ ਕੇ ਕੰਮ ਕਰਦਾ ਹੈ ਤਾਂ ਉਹ ਰਿਸ਼ਤਿਆਂ ਵਿਚ ਬੰਨ੍ਹਿਆ ਜਾਂਦਾ ਹੈ। ਇਹ ਸਿਰਫ਼ ਸਰੀਰਕ ਕੰਮਕਾਜੀ ਸਾਂਝ ਨਹੀਂ ਹੁੰਦੀ। ਇਹ ਇਕ ਤਾਂ ਉਮਰ ਦੀ ਸਾਂਝ ਬਨਣ ਦੀ ਸਮਰੱਥਾ ਰੱਖਦੀ ਹੈ। ਅਸੀਂ ਬੱਚੇ ਨੂੰ ਛੇ ਮਹੀਨੇ-ਸਾਲ ਤੱਕ ਗੋਦੀ ਵਿਚ ਰੱਖਦੇ ਹਾਂ। ਗੋਦੀ ਸਿਰਫ਼ ਮਨੁੱਖੀ ਗੁਣ ਹੈ। ਇਹ ਗੋਦੀ ਸਾਡੇ ਰਿਸ਼ਤਿਆਂ ਨੂੰ ਨਵਾਂ ਰੂਪ ਦਿੰਦੀ ਹੈ। ਇਕ ਨਿੱਘ। ਅਸੀਂ ਸਾਰੀ ਉਮਰ, ਅਲੱਗ-ਅਲੱਗ ਪੜਾਵਾਂ ਤੇ ਇਕ ਦੂਸਰੇ ਨੂੰ ਸੰਭਾਲਦੇ ਹਾਂ।

ਮਨੁੱਖੀ ਸ਼ਖ਼ਸੀਅਤ ਦੀ ਇਕ ਹੋਰ ਵਿਸ਼ੇਸ਼ਤਾ ਹੈ ਕਿ ਉਸ ਵਿਚ ਅਹਿਸਾਸ ਹੈ। ਉਹ ਸੰਵੇਦਨਸ਼ੀਲ ਹੈ। ਅਸੀਂ ਸਿਰਫ਼ ਕਿਸੇ ਕੰਡੇ ਦੀ ਚੁਭਣ ਜਾਂ ਬੂ-ਖੁਸ਼ਬੂ ਤੋਂ ਹੀ ਸੰਵੇਦਨਸ਼ੀਲ ਨਹੀਂ। ਅਸੀਂ ਇਕ ਦੂਸਰੇ ਪ੍ਰਤੀ ਵੀ ਸੰਵੇਦਨਸ਼ੀਲ ਹਾਂ। ਅਸੀਂ ਰਿਸ਼ਤਿਆਂ ਨੂੰ ਲੈ ਕੇ, ਆਪਣੀ ਸਾਂਝ ਨੂੰ ਲੈ ਕੇ, ਇਕ ਦੂਸਰੇ ਦੀ ਪ੍ਰਵਾਹ ਪ੍ਰਤੀ ਵੀ ਸੰਵੇਦਨਸ਼ੀਲ ਹਾਂ। ਇਹ ਅਹਿਸਾਸ ਸਾਨੂੰ ਪੂਰੇ ਸਮਾਜ ਅਤੇ ਦੁਨੀਆਂ ਪ੍ਰਤੀ ਸੰਵੇਦਨਸ਼ੀਲ ਬਣਾਉਂਦਾ ਹੈ। ਸਾਡੇ ਇਸ ਅਹਿਸਾਸ ਦਾ ਸਿਖਰ ਹੈ ਕਿ ਅਸੀਂ ਬਿਨਾਂ ਕਿਸੇ ਦਰਦ ਜਾਂ ਤਕਲੀਫ ਦੇ, ਕਿਸੇ ਹੋਰ ਦਾ ਦਰਦ ਆਪਣੇ ਪਿੰਡੇ 'ਤੇ ਮਹਿਸੂਸ ਕਰ ਸਕਦੇ ਹਾਂ। ਅਕਸਰ ਅਸੀਂ ਮਹਿਸੂਸ ਕਰਦੇ, ਸੋਚਦੇ ਹਾਂ ਕਿ ਜੇਕਰ ਮੈਂ ਇਸ ਦੀ ਥਾਂ ਹੁੰਦਾ, ਜੇ ਅਜਿਹਾ ਮੇਰੇ ਨਾਲ ਹੋਇਆ ਹੁੰਦਾ? ਇਹ ਅਹਿਸਾਸ ਵਿਸ਼ੇਸ਼ ਹੈ।

ਇਸ ਸੰਵੇਦਨਸ਼ੀਲਤਾ ਵਾਲੇ ਗੁਣ ਪ੍ਰਤੀ, ਇਸ ਵਿਲੱਖਣਤਾ ਪ੍ਰਤੀ ਜਿਥੇ ਸਾਨੂੰ ਮਾਣ ਹੋਣਾ ਚਾਹੀਦਾ ਹੈ, ਅੱਜ ਇਕ ਕਮਜ਼ੋਰੀ ਬਣਾ ਕੇ ਪੇਸ਼ ਕੀਤੀ ਜਾ ਰਹੀ ਹੈ। ਕਿਸੇ ਦੀ ਮੱਦਦ ਕਰਨ ਨੂੰ, ਵਾਧੂ ਪੰਗਾ ਕਹਿ ਕੇ ਪ੍ਰਚਾਰਿਆ ਜਾ ਰਿਹਾ ਹੈ। ਇਹ ਸਾਡੇ ਮਨੁੱਖੀ ਗੁਣਾਂ ਦੀ ਦੁਰਵਰਤੋਂ ਹੋਣ ਕਰਕੇ ਹੈ। ਜਿਥੇ ਮਨੁੱਖੀ ਤਾਕਤ ਨੂੰ ਨਕਾਰਾ ਕਿਹਾ ਜਾ ਰਿਹਾ ਹੈ, ਉਥੇ ਇਸ ਦੇ ਲਈ ਇਕ ਮਾਹੌਲ ਵੀ ਸਿਰਜਿਆ ਜਾ ਰਿਹਾ ਹੈ। ਜਿਸ ਤਰ੍ਹਾਂ ਦਾ ਅਜੋਕਾ ਮਾਹੌਲ ਦੇਖਣ ਨੂੰ ਮਿਲਦਾ ਹੈ, ਕੋਈ ਵੀ ਕਹਿ ਸਕਦਾ ਹੈ ਕਿ ਮੱਦਦ ਕਰਨਾ ਪੰਗਾ ਹੀ ਹੈ ਤੇ ਵਾਧੂ ਜਜ਼ਬਾਤੀ ਹੋ ਕੇ ਕਿਸੇ ਦੇ ਦਰਦ ਵਿਚ ਸ਼ਰੀਕ ਹੋਣ ਨਾਲ ਨੁਕਸਾਨ ਹੀ ਹੁੰਦਾ ਹੈ। ਅਸੀਂ ਅਮਲ ਵਿਚ, ਵਿਗਿਆਨਕ ਕਾਢਾਂ ਰਾਹੀਂ, ਜੋ ਅਸੁਰੱਖਿਆ ਅਤੇ ਅੰਧਵਿਸ਼ਵਾਸ ਫੈਲਾ ਰਹੇ ਹਾਂ, ਉਹ ਮਨੁੱਖੀ ਗੁਣਾਂ ਨੂੰ ਪਿੱਛੇ ਗੇੜ ਵੱਲ ਲੈ ਜਾ ਰਹੇ ਨੇ। ਅਸੀਂ ਫਿਰ ਤੋਂ ਜੰਗਲ ਵਾਲੇ ਡਰ ਅਤੇ ਅਸੁਰੱਖਿਆ ਦੇ ਮਾਹੌਲ ਵਿਚ ਰਹਿ ਰਹੇ ਹਾਂ। ਸਾਨੂੰ ਹੁਣ ਜੰਗਲੀ ਸ਼ੇਰ, ਚੀਤੇ, ਬਘਿਆੜਾਂ ਦੀ ਲੋੜ ਨਹੀਂ। ਮਨੁੱਖ ਹੀ ਮਨੁੱਖ ਨੂੰ ਡਰਾਉਣ ਲਈ ਕਾਫੀ ਹੈ। ਸਗੋਂ ਮਨੁੱਖ ਦਾ ਤੰਤਰ ਸੂਖਮ ਹੈ, ਜੋ ਨਫ਼ਰਤ ਰਾਹੀਂ ਡਰ ਅਤੇ ਡਰ ਰਾਹੀਂ ਅਸੁਰੱਖਿਆ ਪੈਦਾ ਕਰਦਾ ਹੈ।

ਮਨੁੱਖ ਦੀਆਂ ਸਾਰੀਆਂ ਤਾਕਤਾਂ ਨੂੰ ਇਕੱਠੇ ਵਿਸ਼ਲੇਸ਼ਣ ਕਰੀਏ ਕਿ ਮਿਲ ਕੇ ਰਹਿਣਾ, ਕਰਨਾ, ਸੰਵੇਦਨਸ਼ੀਲ ਹੋਣਾ, ਦੂਸਰੇ ਬਾਰੇ ਫ਼ਿਕਰਮੰਦੀ, ਇਕ ਚੰਗੇ ਭਵਿੱਖ ਲਈ ਸਿਆਣਪ ਭਰਿਆ ਰਾਹ ਸਾਨੂੰ ਡਰ ਅਤੇ ਅਸੁਰੱਖਿਆ ਤੋਂ ਦੂਰ ਕਰਦੇ ਹਨ।

ਸਾਨੂੰ ਇਹ ਤੱਥ ਵੀ ਸਮਝਣਾ ਚਾਹੀਦਾ ਹੈ ਕਿ ਮਨੁੱਖ ਦੇ ਰੂਪ ਵਿਚ ਕੁਦਰਤ ਨੇ ਸਾਨੂੰ ਪੈਦਾ ਕੀਤਾ ਹੈ। ਅਸੀਂ ਜੀਵ ਵਿਕਾਸ ਦਾ ਸਿਖਰ ਹਾਂ। ਅਸੀਂ ਮਨੁੱਖ ਹਾਂ। ਜਿਨ੍ਹਾਂ ਤਾਕਤਾਂ ਦੀ, ਗੁਣਾਂ ਦੀ ਗੱਲ ਹੋਈ ਹੈ, ਉਹ ਸਾਨੂੰ ਕੁਦਰਤ ਵੱਲੋਂ ਜਨਮ ਦੇ ਨਾਲ ਮਿਲੇ ਹਨ। ਹੁਣ ਸਾਨੂੰ, ਆਪਣੀ ਜ਼ਿੰਦਗੀ ਦੌਰਾਨ, ਆਪਣੀ ਸਿਆਣਪ ਅਤੇ ਅਹਿਸਾਸ ਦੀ ਸੁਯੋਗ ਵਰਤੋਂ ਨਾਲ ਅੱਗੇ ਸਫ਼ਰ ਤੈਅ ਕਰਨਾ ਚਾਹੀਦਾ ਹੈ। ਮਨੁੱਖ ਵਿਚ, ਆਪਣੇ ਜੀਵਨ ਵਿਚ ਵਿਚਰਦੇ, ਆਪਣੇ ਸੱਠ-ਸੱਤਰ ਸਾਲ ਦੇ ਇਸ ਸਫ਼ਰ ਮਗਰੋਂ, ਮਨੁੱਖ ਦਾ ਸੰਵਰਿਆ ਰੂਪ ਨਜ਼ਰ ਆਉਣਾ ਚਾਹੀਦਾ ਹੈ। ਆਪਣੀ ਹਰ ਇਕ ਪੀੜ੍ਹੀ ਦੌਰਾਨ, ਮਨੁੱਖ ਦੀ ਕੋਸ਼ਿਸ਼ ਇਕ ਕਦਮ ਅੱਗੇ ਪੁੱਟਣ ਦੀ ਹੋਣੀ ਚਾਹੀਦੀ ਹੈ। ਇਹ ਸੰਭਵ ਹੈ, ਇਹ ਹੋ ਸਕਦਾ ਹੈ। ਇਸ ਦੇ ਲਈ ਜ਼ਰੂਰੀ ਹੈ ਅਸੀਂ ਮਨੁੱਖ ਹੋਣ 'ਤੇ ਮਾਣ ਕਰੀਏ।

ਮਨੁੱਖ ਕੋਲ ਜੋ ਤੀਸਰੀ ਅੱਖ ਹੈ, ਵਿਸ਼ਲੇਸ਼ਣੀ ਅੱਖ, ਉਹ ਅੱਜ ਦਾ, ਬੀਤੇ ਕੱਲ੍ਹ ਅਤੇ ਆਉਣ ਵਾਲੇ ਭਵਿੱਖ ਦਾ ਵਿਸ਼ਲੇਸ਼ਣ ਕਰਨ ਜਾਣਦੀ ਹੈ। ਜਦੋਂ ਕੱਲ੍ਹ ਦਾ ਅਹਿਸਾਸ ਹੋਵੇ, ਜਦੋਂ ਪਤਾ ਹੋਵੇ ਕੱਲ੍ਹ ਸਵੇਰ ਹੋਵੇਗੀ, ਫਿਰ ਉਹ ਅਹਿਸਾਸ, ਆਸ ਅਤੇ ਵਿਸ਼ਵਾਸ ਦਾ ਪ੍ਰਤੀਕ ਹੋ ਜਾਂਦੀ ਹੈ। ਮਨੁੱਖ ਕੋਲ ਆਸ ਅਤੇ ਵਿਸ਼ਵਾਸ ਜਗਾਉਣ ਅਤੇ ਹਾਸਿਲ ਕਰਨ ਦੀ ਸਮਰੱਥਾ ਹੈ। ਸਾਨੂੰ ਮਨੁੱਖ ਹੋਣ ਦੇ ਇਸ ਗੌਰਵ ਨੂੰ ਸਮਝਣਾ ਚਾਹੀਦਾ ਹੈ।

# ਅੰਬਰ ਨਾਲ ਸਾਡੀ ਸਾਂਝ



*ਗੁਰਚਰਨ ਸਿੰਘ ਨੂਰਪੁਰ*

ਆਕਾਸ ਨਾਲ ਸਾਡਾ ਰਿਸਤਾ ਹੁਣ ਉਹ ਨਹੀਂ ਰਿਹਾ ਜੋ ਕਦੇ ਹੋਇਆ ਕਰਦਾ ਸੀ। ਅਰਬਾਂ ਖਰਬਾਂ ਮੀਲ ਦੂਰ ਰਾਤ ਨੂੰ ਚਮਕਦੇ ਤਾਰਿਆਂ ਨਾਲ ਸਾਡੀ ਕਾਲਪਨਿਕ ਜਾਣ ਪਹਿਚਾਣ ਸੀ। ਚੰਨ, ਧਰੂ ਤਾਰਾ, ਤਿੰਗੜ ਤਾਰੇ, ਸਪਤਰਿਸੀ, ਮੰਜੀ, ਪੂਛਲ ਤਾਰਾ, ਖਿੱਤੀਆਂ ਆਦਿ ਅਤੇ ਇਹਨਾਂ ਨਾਲ ਜੁੜੀਆਂ ਕਈ ਕਾਲਪਨਿਕ ਕਹਾਣੀਆਂ ਮਨੁੱਖ ਦੇ ਜਿਹਨ ਦਾ ਹਿੱਸਾ ਹੋਇਆ ਕਰਦੀਆਂ ਸਨ। ਚੰਦ, ਸੂਰਜ, ਤਾਰਿਆਂ ਨਾਲ ਸਬੰਧਤ ਅਨੇਕਾਂ ਬਾਤਾਂ/ਕਹਾਣੀਆਂ ਸਾਡੀ ਸੰਸਕ੍ਰਿਤੀ ਦਾ ਹਿੱਸਾ ਹਨ ਜੋ ਰਾਤ ਵੇਲੇ ਪਾਈਆਂ ਜਾਂਦੀਆਂ ਸਨ। ਚੰਨ ਦੇ ਦਾਗ ਜੋ ਹਕੀਕਤ ਵਿੱਚ ਡੂੰਘੀਆਂ ਖਾਈਆਂ ਹਨ ਸਾਨੂੰ ਧਰਤੀ ਵਾਸੀਆਂ ਨੂੰ ਚਰਖਾ ਕੱਤਦੀ ਬੁੱਢੀ ਮਾਈ ਦੀ ਅਕ੍ਰਿਤੀ ਲਗਦੇ ਹਨ। ਇਹਨਾਂ ਡੂੰਘੀਆਂ ਖਾਈਆਂ ਤੋਂ ਬਣਦੀ ਅਕ੍ਰਿਤੀ ਨੂੰ ਗੌਤਮ ਰਿਸੀ ਦੀ ਕਥਾ ਨਾਲ ਵੀ ਜੋੜਿਆ ਜਾਂਦਾ ਹੈ। ਦੁਨੀਆਂ ਦੇ ਵੱਖ ਦੇਸਾਂ ਵਿੱਚ ਸੂਰਜ, ਚੰਨ ਅਤੇ ਤਾਰਿਆਂ ਨਾਲ ਵੱਖ ਵੱਖ ਅਜਿਹੀਆਂ ਅਨੇਕ ਕਹਾਣੀਆਂ ਪ੍ਰਚਲਿਤ ਹਨ। ਇਹ ਕਾਲਪਨਿਕ ਕਥਾ ਕਹਾਣੀਆਂ ਸਾਡੀ ਆਕਾਸ ਨਾਲ ਸਾਂਝ ਦੀਆਂ ਪ੍ਰਤੀਕ ਸਨ ਜੋ ਹੌਲੀ ਹੌਲੀ ਹੁਣ ਮਨੁੱਖ ਦੇ ਜਿਹਨ ਚੋਂ ਮਨਫੀ ਹੋ ਰਹੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਅੰਬਰਾਂ ਨਾਲ ਮਨੁੱਖ ਦੀ ਸਾਂਝ ਹੁਣ ਹੌਲੀ ਹੌਲੀ ਪੇਤਲੀ ਪੈਣ ਲੱਗ ਪਈ ਹੈ।

ਗੁਫਾਵਾਂ ਚੋਂ ਨਿਕਲ ਕੇ ਮਨੁੱਖ ਟੱਪਰੀਵਾਸਾਂ ਵਾਲਾ ਜੀਵਣ ਜਿਉਣ ਲੱਗਾ ਤੇ ਫਿਰ ਹੌਲੀ ਕੱਚੇ ਘਰ ਬਣਾ ਕੇ ਰਹਿਣ ਲੱਗ ਪਿਆ। ਕੱਚੇ ਘਰਾਂ ਤੋਂ ਪੱਕੇ ਕਮਰੇ ਤੇ ਹੁਣ ਕੋਠੀਆਂ ਬਣਾ ਕੇ ਰਹਿਣ ਲੱਗ ਪਿਆ ਹੈ। ਘਰਾਂ ਚੋਂ ਘਰਾਂ ਦੇ ਵਿਹੜੇ ਗਾਇਬ ਹੋ ਗਏ। ਘਰ ਪਾਉਣ ਲਈ ਦਸ ਮਰਲੇ ਜਮੀਨ ਚੋਂ ਸਾਢੇ ਨੌਂ ਮਰਲੇ ਜਮੀਨ ਤਿੰਨ ਮੰਜਲੇ ਮਕਾਨ ਨੇ ਘੇਰ ਲਈ, ਰਾਤ ਨੂੰ ਸੌਣ ਲਈ ਅਸੀਂ ਬਿਜਲੀ ਤੇ ਨਿਰਭਰ ਹੋ ਗਏ ਅਤੇ ਆਕਾਸ ਨਾਲੋਂ ਸਾਡਾ ਰਾਬਤਾ ਵੀ ਟੁੱਟ ਗਿਆ।

ਸਾਡੇ ਪੁਰਖੇ ਸਦੀਆਂ ਤੋਂ ਰਾਤ ਵੇਲੇ ਤਾਰਿਆਂ ਅਤੇ ਦਿਨ ਵੇਲੇ ਸੂਰਜ ਦੀ ਸਥਿਤੀ ਨੂੰ ਵੇਖ ਕੇ ਵਕਤ ਦਾ ਅੰਦਾਜਾ ਕਰਦੇ ਆਏ ਹਨ। ਵਕਤ ਵੇਖਣ ਲਈ ਹੁਣ ਗੁੱਟ ਘੜੀ ਅਤੇ ਮੋਬਾਇਲ ਸਾਡੇ ਪਾਸ ਹਨ। ਸਾਡੀ ਧੌਣ ਹੁਣ ਵਕਤ ਦਾ ਅੰਦਾਜਾ ਕਰਨ ਲਈ ਉਪਰ ਵੱਲ ਜਾਣ ਦੀ ਬਜਾਏ ਹੇਠ ਵੱਲ ਝੁਕਦੀ ਹੈ। ਪਹਿਲਾਂ ਮਨੁੱਖ ਕੁਦਰਤ ਨਾਲ ਇੱਕ ਮਿਕ ਸੀ ਆਪਣੇ ਆਲੇ ਦੁਆਲੇ ਕੁਦਰਤ ਦੇ ਪਸਾਰੇ ਨੂੰ ਦੇਖਦਾ ਸੀ, ਹੁਣ ਕੁਝ ਨਵਾਂ ਜਾਨਣ ਦਾ ਮਾਧਿਅਮ ਟੀ ਵੀ, ਕੰਪਿਊਟਰ ਅਤੇ ਮੋਬਾਇਲ ਬਣ ਗਏ ਹਨ। ਪਹਿਲਾਂ ਮਨੁੱਖ ਪੈਦਲ ਤੁਰਦਿਆਂ ਕੰਮ ਕਰਦਿਆਂ ਆਕਾਸ ਵਿੱਚ ਉੱਡਦੇ ਪੰਛੀਆਂ ਨੂੰ ਦੇਖਦਾ। ਆਕਾਸ ਵੱਲ ਵੱਧਦੇ ਰੁੱਖਾਂ ਵਣਾਂ ਨੂੰ ਦੇਖਦਾ, ਜੀਵਨ ਨਿਰਬਾਹ ਦੀਆਂ ਕੁਝ ਜਰੂਰੀ ਲੋੜਾਂ ਲਈ ਮਨੁੱਖ ਨੂੰ ਅਕਸਰ ਰੁੱਖਾਂ 'ਤੇ ਚੜ੍ਹਨਾ ਵੀ ਪੈਂਦਾ ਸੀ। ਦਰਿਆਵਾਂ ਨਦੀਆਂ ਨੂੰ ਤੈਰ ਕੇ ਪਾਰ ਕਰਨਾ ਪੈਂਦਾ ਸੀ ਇਹਨਾਂ ਕੰਮਾਂ ਦੌਰਾਨ ਉਸ ਦੀ ਧੌਣ ਦਾ ਰੁਖ ਅੰਬਰ ਵੱਲ ਰਹਿੰਦਾ ਸੀ। ਪਰ ਵਿਗਿਆਨਕ ਤਕਨੀਕ ਨੇ ਮਨੁੱਖ ਨੂੰ ਉਤਾਂਹ ਅੰਬਰ ਵੱਲ ਵੇਖਣ ਦੀ ਬਜਾਏ ਉਸ ਦੀ ਸਾਰੀ ਸਰਗਰਮੀ ਨੂੰ ਹੇਠਾਂ ਵੱਲ ਮਸੀਨ ਅਤੇ ਸਕਰੀਨ ਵਿੱਚੋਂ ਦੀ ਖੁੱਲ੍ਹਦੀ ਦੁਨੀਆਂ ਨਾਲ ਜੋੜ ਦਿੱਤਾ। ਮਨੁੱਖ ਦੇ ਸਰੀਰਕ ਢਾਂਚੇ ਦੀ ਬਣਤਰ ਇਸ ਦੀ ਇਜਾਜਤ ਨਹੀਂ ਦਿੰਦੀ ਕਿ ਉਹ ਘੰਟਿਆ ਬੱਧੀ ਟਿਕ ਟਿਕੀ ਲਾ ਕੇ ਸਕਰੀਨ ਨਾਲ ਜੁੜਿਆ ਰਹੇ ਇਹੋ ਕਾਰਨ ਹੈ ਕਿ ਦੁਨੀਆਂ ਵਿੱਚ ਮਨੁੱਖਾਂ ਦੀ ਵੱਡੀ ਗਿਣਤੀ ਸਰਵਾਈਕਲ ਅਤੇ ਹੱਡੀਆਂ ਦੇ ਹੋਰ ਰੋਗਾਂ ਤੋਂ ਪੀੜਤ ਹੋ ਰਹੀ ਹੈ।

ਆਕਾਸ ਵਿੱਚ ਚਮਕਦੇ ਤਾਰਿਆਂ, ਚੰਨ, ਸੂਰਜਾਂ ਅਤੇ ਬੱਦਲਾਂ ਵਿੱਚ ਲਿਸਕਦੀ ਬਿਜਲੀ ਦੇ ਅਲੌਕਿਕ ਵਰਤਾਰਿਆਂ ਨੇ ਕਾਲਪਨਿਕ ਕਹਾਣੀਆਂ ਦੇ ਨਾਲ ਨਾਲ ਕਈ ਤਰ੍ਹਾਂ ਦੇ ਵਹਿਮਾਂ ਭਰਮਾਂ ਨੂੰ ਵੀ ਜਨਮ ਦਿੱਤਾ। ਇਹਨਾਂ ਕਾਲਪਨਿਕ ਵਿਸਵਾਸਾਂ ਚੋਂ ਹੀ ਜੋਤਿਸ ਦਾ ਜਨਮ ਹੋਇਆ। ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਮਨੁੱਖ ਗ੍ਰਹਿਾਂ ਤਾਰਿਆਂ ਦੀ ਸਥਿਤੀ ਨੂੰ ਵੇਖ ਕੇ ਸਫਰਾਂ 'ਤੇ ਜਾਂਦਾ ਸੀ। ਸਮੁੰਦਰੀ ਸਫਰ ਲਈ ਚੰਦ ਤਾਰਿਆਂ ਤੋਂ ਸੇਧ ਲੈਣ ਦੀ ਤਾਂ ਹੋਰ ਵੀ ਜਿਆਦਾ ਜਰੂਰਤ ਹੁੰਦੀ ਸੀ। ਸਮੁੰਦਰੀ ਸਫਰ ਪੈਦਲ ਸਫਰ ਦੇ ਮੁਕਾਬਲੇ ਵਧੇਰੇ ਜੋਖਮ ਭਰਿਆ ਹੁੰਦਾ ਸੀ। ਸਮੁੰਦਰ ਵਿੱਚ ਉੱਠਦੇ ਤੁਫਾਨ, ਜਵਾਹਰਭਾਟਿਆਂ ਵਿੱਚ ਅਕਸਰ ਅਨੇਕਾਂ ਲੋਕਾਂ ਦੀਆਂ ਜਾਨਾਂ ਚਲੀਆਂ ਜਾਂਦੀਆਂ ਸਨ। ਇਸ ਤਰ੍ਹਾਂ ਕੁਝ ਸਿਆਣੇ ਬੰਦਿਆਂ ਨੇ ਚੰਨ ਦੀ ਸਥਿਤੀ, ਜਵਾਰਭਾਟਾ ਆਉਣ ਅਤੇ ਮਨੁੱਖ ਦੇ ਸਮੁੰਦਰੀ ਸਫਰ ਤੇ ਤੁਰਨ ਜਾਂ ਨਾ ਤੁਰਨ ਨੂੰ ਆਕਾਸੀ ਵਰਤਾਰਿਆਂ ਨਾਲ ਜੋੜਿਆ। ਇਹ ਜੋਤਿਸ ਦੀ ਸੁਰੂਆਤ ਸੀ। ਲੰਬੇ ਸਫਰ ਤੇ ਗਏ ਯਾਤਰੀ ਜਦੋਂ ਕਦੇ ਤੁਫਾਨਾਂ ਦੀ ਲਪੇਟ ਵਿੱਚ ਆ ਕੇ ਆਪਣੀ ਜਾਨ ਗੁਆ ਬੈਠਦੇ ਸਨ ਤਾਂ ਮੰਨਿਆ ਜਾਂਦਾ ਸੀ ਕਿ ਉਹਨਾਂ ਦੇ ਸਫਰ ਤੇ ਤੁਰਨ ਦਾ ਸਮਾਂ ਸਹੀ ਨਹੀਂ ਸੀ। ਇਸ ਤਰ੍ਹਾਂ ਆਕਾਸ ਵਿੱਚ ਚੰਨ ਤਾਰਿਆਂ ਦੀ ਸਥਿਤੀ ਨੂੰ ਮਨੁੱਖ ਦੀ ਕਿਸਮਤ ਨਾਲ ਜੋੜਿਆ ਗਿਆ। ਬਹੁਤ ਮਗਰੋਂ ਆ ਕੇ ਮਨੁੱਖ ਨੇ ਆਕਾਸ ਵਿੱਚ ਬਣਦੀਆਂ ਤਾਰਿਆਂ ਦੀਆਂ ਅਕ੍ਰਿਤੀਆਂ ਨੂੰ ਬਾਰਾਂ ਰਾਸੀਆਂ ਦਾ ਨਾਮ ਦਿੱਤਾ ਅਤੇ ਇਹ ਸਮਝਿਆ ਕਿ ਆਕਾਸ ਦੇ ਇਹ ਤਾਰੇ ਧਰਤੀ ਦੁਆਲੇ ਘੁੰਮਦੇ ਹਨ। ਰਾਸੀਆਂ ਆਪਣੀ ਸਥਿਤੀ ਬਦਲਦੀਆਂ ਹਨ। ਜਿਵੇਂ ਪੁਰਾਣੇ ਵੇਲਿਆਂ ਵਿੱਚ ਸਫਰ ਤੇ ਤੁਰਨ ਦਾ ਸਮਾਂ, ਆਕਾਸ ਵਿੱਚ ਗ੍ਰਹਿਾਂ ਤਾਰਿਆਂ ਦੀ ਸਥਿਤੀ ਅਤੇ ਮਨੁੱਖੀ ਭਵਿੱਖ ਨੂੰ ਆਪਸ ਵਿੱਚ ਰਲਗੱਡ ਕੀਤਾ ਗਿਆ ਬਿਲਕੁਲ ਇਸੇ ਅਨੁਸਾਰ ਜੋਤਿਸ ਅੱਜ ਵੀ ਚੰਨ ਤਾਰਿਆਂ ਅਤੇ ਸੂਰਜ ਨੂੰ ਚਲਦਾ ਸਮਝ ਕੇ ਰਾਸੀਆਂ, ਸਮਾਂ ਅਤੇ ਜਨਮ ਸਥਾਨ ਅਨੁਸਾਰ ਕਿਸੇ ਵੀ ਮਨੁੱਖ ਦੀ ਕੁੰਡਲੀ ਤਿਆਰ ਕਰਦਾ ਹੈ। ਮਨੁੱਖ ਦੇ ਭਵਿੱਖ ਦਾ ਖਾਕਾ ਤਿਆਰ ਕਰਦਾ ਹੈ। ਪਰ ਸਗੋਂ ਜੋਤਿਸ ਦੇ ਗ੍ਰੰਥਾਂ ਸਾਸਤਰਾਂ ਤੋਂ ਉਲਟ ਧਰਤੀ ਸੂਰਜ ਦੁਆਲੇ ਘੁੰਮਦੀ ਹੈ ਨਾ ਕਿ ਸੂਰਜ। ਧਰਤੀ ਦਾ ਆਪਣੀ ਧੁਰੀ ਦੁਆਲੇ ਚੱਕਰ 24 ਘੰਟਿਆਂ ਵਿੱਚ ਪੂਰਾ ਹੁੰਦਾ ਹੈ ਜਿਸ ਨਾਲ ਦਿਨ ਅਤੇ ਰਾਤ ਬਣਦੇ ਹਨ। ਸੂਰਜ ਦੁਆਲੇ ਚੱਕਰ ਇੱਕ ਸਾਲ ਵਿੱਚ ਪੂਰਾ ਹੁੰਦਾ ਹੈ ਜਿਸ ਨਾਲ ਰੁੱਤਾਂ ਬਦਲਦੀਆਂ ਹਨ। ਇਸ ਤਰਾਂ 'ਜੋਤਿਸ' ਜੋ

ਧਰਤੀ ਨੂੰ ਸਥਿਰ ਮੰਨਦਾ ਹੈ ਦਾ ਮਨੁੱਖ ਦੀ ਕਿਸਮਤ ਨੂੰ ਗਿਹਾਂ ਰਾਸੀਆਂ ਨਾਲ ਜੋੜਨਾ ਮੂਲੋਂ ਹੀ ਗਲਤ ਹੈ। ਅਫਸੋਸ ਦੀ ਗੱਲ ਇਹ ਹੈ ਅਜੋਕੇ ਗਿਆਨ ਵਿਗਿਆਨ ਦੇ ਇਸ ਯੁੱਗ ਵਿੱਚ ਜੋਤਿਸ ਦਾ ਧੰਦਾ ਇੱਕ ਬਹੁਤ ਵੱਡਾ ਕਾਰੋਬਾਰ ਬਣ ਗਿਆ ਹੈ ਇਹ ਧੰਦਾ ਬੜੀ ਤੇਜੀ ਨਾਲ ਫਲ ਫੁਲ ਰਿਹਾ ਹੈ ਪਰ ਇਹ ਸੱਚਾਈ ਤੋਂ ਕੋਹਾਂ ਦੂਰ ਹੈ। ਇਹ ਸਿਰਫ ਤੀਰ ਤੁੱਕੇ ਦਾ ਗਿਆਨ ਹੈ। ਜਿਉਨਾਰਦੋ ਬਰੂਨੋ ਅਤੇ ਗਲੈਲੀਓ ਵਰਗੇ ਖਗੋਲ ਵਿਗਿਆਨੀਆਂ ਨੇ ਧਰਤੀ ਆਕਾਸ ਅਤੇ ਸੂਰਜ ਸਬੰਧੀ ਖੋਜਾਂ ਕਰਕੇ ਦੱਸਿਆ ਕਿ ਸੂਰਜ ਨਹੀਂ ਬਲਕਿ ਧਰਤੀ ਸੂਰਜ ਦੁਆਲੇ ਘੁੰਮਦੀ ਹੈ। ਜਦੋਂ ਸਾਰੀ ਦੁਨੀਆਂ ਕਾਲਪਨਿਕ ਗਿਆਨ ਨੂੰ ਸੱਚ ਮੰਨ ਕੇ ਚੱਲ ਰਹੀ ਹੋਵੇ ਤਾਂ ਅੱਜ ਤੋਂ 500 ਸਾਲ ਪਹਿਲਾਂ ਅਜਿਹੀ ਗੱਲ ਕਹਿਣੀ ਆਪਣੀ ਮੌਤ ਨੂੰ ਆਪ ਸੱਦਾ ਦੇਣ ਵਾਲੀ ਗੱਲ ਸੀ। ਕਿਉਂ ਕਿ ਬਾਈਬਲ ਵਿੱਚ ਇਹ ਦਰਜ ਹੈ ਕਿ ਸੂਰਜ ਧਰਤੀ ਦੁਆਲੇ ਚੱਕਰ ਕੱਢਦਾ ਹੈ। ਸੋ ਆਪਣੇ ਗ੍ਰੰਥਾਂ ਦੀਆਂ ਰੂੜੀਵਾਦੀ ਧਾਰਨਾਵਾਂ ਗਲਤ ਸਾਬਤ ਹੁੰਦੀਆਂ ਵੇਖ ਕੇ ਗਲੈਲੀਓ ਵਰਗੇ ਮਹਾਨ ਵਿਗਿਆਨੀਆਂ ਨੂੰ ਘੋਰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਭੀੜਾਂ ਕੋਲ ਸੱਚ ਕੱਲ ਵੀ ਨਹੀਂ ਸੀ ਅੱਜ ਵੀ ਨਹੀਂ ਹੈ। ਆਕਾਸ ਵਿੱਚ ਵਾਪਰਦੇ ਵਰਤਾਰਿਆਂ ਸਬੰਧੀ ਅੱਜ ਜੋ ਗਿਆਨ ਸਾਨੂੰ ਹਾਸਲ ਹੋਇਆ ਹੈ ਉਸ ਨੂੰ ਸਾਡੇ ਤੱਕ ਪੁਜਦਾ ਕਰਨ ਲਈ ਕਈ ਮਹਾਨ ਸਖਸੀਅਤਾਂ ਨੂੰ ਵੱਡੀਆਂ ਕੁਰਬਾਨੀਆਂ ਕਰਨੀਆਂ ਪਈਆਂ। ਸਾਡੀ ਧਰਤੀ ਵੀ ਦੂਜੇ 8 ਗ੍ਰਹਿਾਂ ਵਰਗਾ ਹੀ ਇੱਕ ਗ੍ਰਹਿ ਹੈ ਪਰ ਇਹ ਕੁਝ ਹਾਲਤਾਂ ਵਿੱਚ ਦੂਜਿਆਂ ਤੋਂ ਭਿੰਨ ਹੈ। ਇਸ ਦੁਆਲੇ ਹਵਾਵਾਂ ਦਾ ਇੱਕ ਗਲਾਫ ਚੜਿਆ ਹੋਇਆ ਹੈ ਜੋ ਸੂਰਜ ਦੀਆਂ ਖਤਰਨਾਕ ਪਰਾਵੈਂਗਣੀ ਕਿਰਨਾਂ ਨੂੰ ਧਰਤੀ 'ਤੇ ਆਉਣ ਤੋਂ ਰੋਕਦਾ ਹੈ। ਦੂਜੇ ਗ੍ਰਹਿ ਬੁੱਧ ਸੁਕਰ ਜੋ ਸੂਰਜ ਦੇ ਨੇੜੇ ਹਨ ਉਹਨਾਂ 'ਤੇ ਗਰਮੀ ਬਹੁਤ ਜਿਆਦਾ ਹੈ ਅਤੇ ਜੋ ਸੂਰਜ ਤੋਂ ਦੂਰ ਹਨ ਉਹ ਠੰਢੇ ਯੱਖ ਹਨ। ਧਰਤੀ ਜੋ ਸੂਰਜ ਦੀ ਪ੍ਰਿਕਰਮਾ ਵਿੱਚ ਤੀਜੇ ਸਥਾਨ 'ਤੇ ਹੈ ਦੁਆਲੇ ਵਾਯੂ ਮੰਡਲ ਹੋਣ ਕਰਕੇ ਹੀ ਇੱਥੇ ਜੀਵਨ ਸੰਭਵ ਹੋ ਸਕਿਆ ਹੈ। ਇਹ ਵਾਯੂਮੰਡਲ ਹਵਾਵਾਂ ਦਾ ਗਿਲਾਫ ਸਾਨੂੰ ਧਰਤੀ ਵਾਸੀਆਂ ਨੂੰ ਨੀਲਾ ਅੰਬਰ ਨੀਲੀ ਛੱਤਰੀ ਪ੍ਰਤੀਤ ਹੁੰਦਾ ਹੈ। ਧਰਤੀ ਨੂੰ ਧਰਤੀ ਦੇ ਬਾਹਰੋਂ ਵੇਖਿਆਂ ਇਹ ਫਿੱਕੇ ਸਲੇਟੀ ਬੱਦਲਾਂ ਵਿੱਚ ਲਿਪਟੀ ਨਜਰ ਆਉਂਦੀ ਹੈ। ਵਾਯੂਮੰਡਲ ਤੋਂ ਅਗਾਹ ਖਾਲੀ ਥਾਂ (ਸਪੇਸ) ਨੂੰ ਅਸੀਂ ਪੁਲਾੜ ਆਖਦੇ ਹਨ।

ਆਕਾਸ ਤੋਂ ਅਸੀਂ ਬਹੁਤ ਕੁਝ ਸਿੱਖਿਆ ਆਕਾਸ ਵਿੱਚ ਮੀਲਾਂ ਦੂਰ ਉੱਡ ਕੇ ਜਾਂਦੇ ਪੰਛੀਆਂ ਨੂੰ ਵੇਖ ਕੇ ਮਨੁੱਖ ਦੇ ਮਨ ਵਿੱਚ ਵੀ ਉੱਡਣ ਦਾ ਖਿਆਲ ਹੈ। ਕਈ ਸਾਲਾਂ ਦੀ ਲੰਮੀ ਘਾਲਣਾ ਅਤੇ ਕਈ ਪੜਾਵਾਂ ਤੋਂ ਗੁਜਰ ਕੇ ਅਮਰੀਕਾ ਦੇ ਰਾਈਟ ਭਰਾਵਾਂ ਨੇ ਹਵਾਈ ਜਹਾਜ ਦੀ ਖੋਜ ਕੀਤੀ ਅਤੇ ਮਨੁੱਖ ਪੰਛੀਆਂ ਵਾਂਗ ਹਵਾ ਵਿੱਚ ਉੱਡਣ ਦੇ ਸਮਰੱਥ ਹੋ ਸਕਿਆ।

ਆਕਾਸ ਵਿੱਚ ਵਾਪਰਦੇ ਵਰਤਾਰਿਆਂ ਤੋਂ ਹੀ ਮਨੁੱਖ ਨੇ ਹੁਣ ਤੱਕ ਦੀ ਸਭ ਤੋਂ ਵੱਡੀ ਖੋਜ ਬਿਜਲੀ ਦੀ ਖੋਜ ਕੀਤੀ। ਕਿਆਸ ਕਰੋ ਜੇ ਬਿਜਲੀ ਨਾ ਹੁੰਦੀ ਤਾਂ ਜੀਵਣ ਕਿਹੋ ਜਿਹਾ ਹੁੰਦਾ। ਮਨੁੱਖ ਨੇ ਕਿੰਨੀਆਂ ਹੀ ਸਹੂਲਤਾਂ ਤੋਂ ਵਾਂਝਾ ਹੋਣਾ ਸੀ। ਦਿਨ ਰਾਤ, ਚੰਨ ਦੇ ਵਧਦੇ ਘਟਦੇ ਆਕਾਰ (ਮੱਸਿਆ ਪੁੰਨਿਆ) ਅਤੇ ਮੌਸਮਾਂ ਆਦਿ ਦੀਆਂ ਤਬਦੀਲੀਆਂ ਨੂੰ ਵੇਖ ਕੇ ਮਨੁੱਖ ਨੂੰ ਸਮਾਂ ਅਤੇ ਸਮੇਂ ਦੀ ਵੰਡ ਕਰਨ ਦਾ ਖਿਆਲ ਆਇਆ। ਆਕਾਸ ਦੇ ਤਾਰਿਆਂ ਅਤੇ ਚੰਨ ਤੋਂ ਪਰਵਿਰਤਿਤ ਹੋ ਕੇ ਆ ਰਹੇ ਸੂਰਜੀ ਪ੍ਰਕਾਸ ਤੋਂ ਹੀ ਮਨੁੱਖ ਨੂੰ ਹਨੇਰੇ ਵਿੱਚ ਚਾਨਣ ਕਰਨ ਅਤੇ ਦੀਵਾ ਬਣਾਉਣ ਦਾ ਖਿਆਲ ਆਇਆ। ਸਾਨੂੰ ਧਰਤੀ ਵਾਸੀਆਂ ਨੂੰ ਆਕਾਸ ਦਾ ਰੰਗ ਨੀਲਾ ਨਜਰ ਆਉਂਦਾ ਹੈ ਜੇ ਸਾਨੂੰ ਅੰਬਰ ਨੀਲਾ ਨਜਰ ਨਾ ਆਉਂਦਾ ਤਾਂ ਸਾਨੂੰ ਚਿੱਟੇ ਬੱਦਲ ਵੀ ਇੰਨੇ ਸੋਹਣੇ ਨਹੀਂ ਸੀ ਲੱਗਣੇ। ਜੇ ਆਕਾਸ ਵਿੱਚ ਚੰਦ ਤਾਰੇ ਨਾ ਹੁੰਦੇ ਤਾਂ ਸਾਡੀ ਜਿੰਦਗੀ ਵਿੱਚ ਵੀ ਇੰਨੀ ਚਮਕ ਦਮਕ ਨਹੀਂ ਹੋਣੀ ਸੀ। ਜੇ ਆਕਾਸ ਵਿੱਚ ਕਾਲੀਆਂ ਘਟਾਵਾਂ ਨਾ ਚੜ੍ਹਦੀਆਂ, ਬਿਜਲੀਆਂ ਨਾ ਲਿਸਕਦੀਆਂ, ਬੱਦਲ ਨਾ ਬਰਸਦੇ ਤਾਂ ਧਰਤੀ ਵੀ ਇੰਨੀ ਹਰੀ ਭਰੀ ਨਹੀਂ ਹੋਣੀ ਸੀ ਧਰਤੀ ਬੜੀ ਉਦਾਸ ਅਤੇ ਮੈਲੀ ਮੈਲੀ ਹੋਣੀ ਸੀ।

ਧਰਤੀ ਸਾਡੀ ਮਾਂ ਹੈ ਅਸੀਂ ਇਸ ਚੋਂ ਪੈਦਾ ਹੋਏ ਅਤੇ ਇਸ ਦੀ ਬੁੱਕਲ ਵਿੱਚ ਹੀ ਇੱਕ ਨਾ ਇੱਕ ਦਿਨ ਸਮਾ ਜਾਣਾ ਹੁੰਦਾ ਹੈ। ਧਰਤੀ ਸਾਡੀ ਪਾਲਕ ਹੈ ਸਾਨੂੰ ਰਿਜਕ ਦਿੰਦੀ ਹੈ ਸਾਡੀ ਸੰਭਾਲ ਕਰਦੀ ਹੈ। ਪਰ ਧਰਤੀ ਦੁਆਲ ਹਵਾਵਾਂ ਦਾ ਗਿਲਾਫ ਜਿਸ ਨੂੰ ਅਸੀਂ ਅੰਬਰ ਆਖਦੇ ਹਾਂ ਜੇ ਨਾ ਹੁੰਦਾ ਤਾਂ ਧਰਤੀ ਵੀ ਵੀਰਾਨ ਹੋਣੀ ਸੀ। ਆਕਾਸ ਦੀ ਨੀਲੀ ਛੱਤਰੀ ਕਾਰਨ ਹੀ ਧਰਤੀ ਤੇ ਵੱਖ ਵੱਖ ਤਰ੍ਹਾਂ ਦਾ ਜਨ ਜੀਵਨ, ਰੁੱਖ- ਵਣ, ਬਨਸਪਤੀਆਂ ਸੰਭਵ ਹੋ ਸਕੀਆਂ। ਸਾਡਾ ਅੱਜ ਦਾ ਸਮਾਜ ਜਿਸ ਵਿੱਚ ਹਰ ਦਿਨ ਨਿੱਜਵਾਦ ਭਾਰੂ ਹੋ ਰਿਹਾ ਹੈ। ਹਰ ਦਿਨ ਅਸੀਂ ਧਰਤੀ ਨੂੰ ਹੀ ਨਹੀਂ ਬਲਕਿ ਆਕਾਸ ਦੀ ਲੀਲੱਤਣ ਨੂੰ ਵੀ ਪ੍ਰਦੂਸਣ ਦੀ ਕਾਲਖ ਨਾਲ ਗੰਦਾ ਕਰਨ ਲੱਗੇ ਹੋਏ ਹਾਂ। ਜੀਵਨ ਰੱਖਿਅਕ ਓਜੋਨ ਪਰਤ ਵਿੱਚ ਮਘੋਰੇ ਬਣ ਰਹੇ ਹਨ ਜਿਸ ਕਾਰਨ ਸਾਡੀ ਧਰਤੀ 'ਤੇ ਰਹਿਣ ਵਾਲੇ ਜੀਵ ਜੰਤੂਆਂ ਨੂੰ ਖਤਰਾ ਪੈਦਾ ਹੋ ਗਿਆ ਹੈ। ਪੰਛੀਆਂ ਦੀਆਂ ਕਈ ਨਸਲਾਂ ਦਾ ਖਾਤਮਾ ਹੋ ਚੁੱਕਿਆ ਹੈ ਕਈ ਨਸਲਾਂ ਖਤਮ ਹੋਣ ਦੀ ਕਾਗਾਰ 'ਤੇ ਹਨ। ਇਹ ਸਭ ਕੁਝ ਮਨੁੱਖ ਨਾਮ ਦੇ ਜੀਵ ਜਿਸ ਨੂੰ ਗ੍ਰੰਥਾਂ ਸਾਸਤਰਾਂ ਅਨੁਸਾਰ ਸਭ ਤੋਂ ਉੱਤਮ ਜੀਵ ਹੋਣ ਦਾ ਮਾਣ ਹਾਸਲ ਹੈ ਦੀ ਮਿਹਰਬਾਨੀ ਸਦਕਾ ਹੈ।

ਮਨੁੱਖ ਦਾ ਧਰਤੀ 'ਤੇ ਰਹਿਣਾ ਅਤੇ ਉਸ ਦੀ ਹਰ ਸਰਗਰਮੀ ਸਿਰਫ ਅਤੇ ਸਿਰਫ ਪੈਸੇ ਲਈ ਹੀ ਨਹੀਂ ਹੈ ਸਗੋਂ ਮਨੁੱਖ ਨੇ ਆਪਣੇ ਆਪ ਤੋਂ ਇਲਾਵਾ ਇਲਾਵਾ ਘਰ ਪਰਿਵਾਰ, ਸਮਾਜ ਅਤੇ ਇਸ ਪਿਆਰੀ ਧਰਤੀ ਅਤੇ ਇਸ ਜਲਵਾਯੂ ਲਈ ਵੀ ਜਿਊਣਾਂ ਹੁੰਦਾ ਹੈ।

ਅੱਜ ਦਾ ਮਨੁੱਖ ਜੋ ਧਰਤੀ ਨੂੰ ਮਾਂ ਮੰਨਦਾ ਹੈ ਪਰ ਇਸ ਦੀ ਮਿੱਟੀ ਪਾਣੀ ਅਤੇ ਹਵਾ ਨੂੰ ਬਰਬਾਦ ਕਰਕੇ ਆਪਣੀਆਂ ਤਜੌਰੀਆਂ ਭਰਨ ਵਿੱਚ ਲੱਗਾ ਹੋਇਆ ਹੈ। ਧਰਮਾਂ ਮਜ੍ਹਬਾਂ ਦੇ ਨਾਮ ਲੜ ਰਿਹਾ ਹੈ। ਇਸ ਨੇ ਧਰਤੀ 'ਤੇ ਇੰਨਾ ਬਾਰੂਦ ਇਕੱਠਾ ਕਰ ਲਿਆ ਹੈ ਕਿ ਇਸ ਧਰਤੀ ਜਿਹੀਆਂ ਪੱਚੀ ਹੋਰ ਧਰਤੀਆਂ ਤੋਂ ਜੀਵਨ ਦੀ ਹੋਂਦ ਨੂੰ ਨੇਸਤੋ ਨਾਬੂਦ ਕੀਤਾ ਜਾ ਸਕਦਾ ਹੈ। ਮਨੁੱਖ ਨੂੰ ਧਰਤੀ ਦਾ ਭਾਵੇਂ ਸਭ ਤੋਂ ਸ੍ਰੇਸ਼ਠ ਜੀਵ ਮੰਨਿਆਂ ਜਾਂਦਾ ਹੈ ਇਹ ਸੱਚ ਹੈ ਕਿ ਮਨੁੱਖ ਨੇ ਸਿਆਣਪਾਂ ਨਵੇਂ ਦਿਸ ਹੱਦੇ ਸਿਰਜੇ ਹਨ ਪਰ ਸਥਿਤੀ ਦੂਜੇ ਪਾਸਾ ਇਹ ਇਹ ਕਿ ਅੱਜ ਦੇ ਕੰਪਿਊਟ ਯੁੱਗ ਵਿੱਚ ਵੀ ਮਨੁੱਖ ਦੀਆਂ ਬੇਹੂਦਗੀਆਂ ਦਾ ਵੀ ਕੋਈ ਪਾਰਾਵਾਰ ਨਹੀਂ ਹੈ। ਅੱਜ ਸਮੇਂ ਦੀ ਲੋੜ ਹੈ ਕਿ ਅਸੀਂ ਆਪਣੇ ਆਪ ਤੋਂ ਇਲਾਵਾ ਇਸ ਸਮਾਜ ਅਤੇ ਵਾਤਾਵਰਨ ਨੂੰ ਸਵੱਸ ਬਣਾਉਣ ਲਈ ਜੀਵੀਏ ਤਾਂ ਕਿ ਮਨੁੱਖ ਸਮੇਤ ਦੂਜੀਆਂ ਜੀਵ ਜਾਤੀਆਂ ਦੀ ਹੋਂਦ ਬਰਕਰਾਰ ਰਹੇ ਅਤੇ ਅੰਬਰ ਦੀ ਨਿਲੱਤਣ ਵੀ ਨਿਖਰੀ ਨਿਖਰੀ ਬਣੀ ਰਹੇ।

**ਜੀਰਾ, ਮੋ: 9855051099**

**ਕਹਾਣੀ**

# ਇਨਸਾਨੀਅਤ ਮੂਲੋਂ ਨਹੀਂ ਮਰਦੀ

*ਡਾ. ਗੁਰਚਰਨ ਸਿੰਘ ਮਹਿਤਾ*

ਸ਼ਾਹ ਨੂਰਪੁਰ ਰਾਜੇ ਅਸਲਮ ਕੋਲ ਪੜੀਆਂ ਦਾ ਮੁਹੰਮਦੂ ਆਇਆ ਤੇ ਕਹਿਣ ਲੱਗਾ ਕਿ ਧਾੜਵੀਆਂ ਦੀਆਂ ਧਾੜਾਂ, ਰਾਵਲਾਂ ਵਾਲੇ ਪਾਸਿਉਂ ਪਿੰਡਾਂ ਵਿਚ ਸਿੱਖੜਿਆਂ ਅਤੇ ਮੋਨਿਆਂ ਨੂੰ ਵੱਢਦੀਆਂ-ਟੁੱਕਦੀਆਂ, ਲੁੱਟਮਾਰ ਕਰਦੀਆਂ ਆ ਰਹੀਆਂ ਹਨ ਤੇ ਕੱਲ੍ਹ ਉਹ ਨੂਰਪੁਰੇ ਨੂੰ ਪੈਣਗੀਆਂ।

ਰਾਜੇ ਅਸਲਮ ਮੁਹੰਮਦੂ ਨੂੰ ਤੇ ਤੋਰ ਦਿੱਤਾ, ਪਰ ਉਹ ਅੰਦਰੋ-ਅੰਦਰੀ ਸੋਚਣ ਲੱਗਾ ਕਿ ਉਹ ਇਹ ਨਹੀਂ ਹੋਣ ਦਏਗਾ ਅਤੇ ਕਹਿਰ ਕਦੇ ਬਰਦਾਸ਼ਤ ਨਹੀਂ ਕਰੇਗਾ। ਉਹ ਇਹੀ ਸੋਚੀ ਜਾਵੇ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਪੁਸ਼ਤਾਂ ਤੋਂ ਨੂਰਪੁਰੇ ਵਿਚ ਵਸਦਿਆਂ ਨਾਲ ਇਹ ਜ਼ੁਲਮ ਹੋਏ, ਇਹ ਧੱਕਾ ਹੋਏ।

ਰਾਜੇ ਅਸਲਮ ਬੰਦਾ ਭੇਜ ਕੇ ਪਿੰਡ ਵਿੱਚੋਂ ਹੋਰ ਰਾਜਿਆਂ, ਬਖ਼ਤਾਵਰ, ਸਰਵਰ, ਸਲੀਮ ਤੇ ਰਹੀਮ ਨੂੰ ਬੁਲਵਾਇਆ। ਉਹ ਸਾਰੇ ਇਕੱਠੇ ਹੋਏ ਤਾਂ ਅਸਲਮ ਨੇ ਇਹ ਸਭ ਦੱਸਿਆ ਅਤੇ ਵਾਸਤਾ ਪਾ ਕੇ ਕਿਹਾ ਕਿ ਭਾਵੇਂ ਰਾਵਲਾਂ ਵਾਲੇ ਪਾਸਿਉਂ ਧਾੜਾਂ ਕਤਲੋ-ਗ਼ਾਰਤ ਤੇ ਲੁੱਟਮਾਰ ਕਰਦੀਆਂ ਆ ਰਹੀਆਂ ਹਨ, ਉਹ ਉਨ੍ਹਾਂ ਨੂੰ ਨੂਰਪੁਰੇ ਵਿੱਚ ਨਹੀਂ ਵੜਨ ਦੇਵੇਗਾ। ਉਸ ਭਰੀਆਂ ਹੋਈਆਂ ਛਮ-ਛਮ ਕਰਦੀਆਂ ਅੱਖਾਂ ਨੂੰ ਪੂੰਝਦੀਆਂ ਕਿਹਾ—

'ਨੂਰਪੁਰੇ ਵਿਚ ਪੁਸ਼ਤਾਂ ਤੋਂ ਪੰਦਰਾਂ ਵੀਹ ਘਰ ਸਰਦਾਰਾਂ, ਸ਼ਾਹਾਂ ਅਤੇ ਪੰਜ ਛੇ ਘਰ ਮੋਨਿਆਂ ਦੇ ਹੈਣ, ਇਹ ਤਾਂ ਸਾਡੇ ਹੀ ਸੰਗੀ ਸਾਥੀ ਹੈਣ, ਇਨ੍ਹਾਂ ਦੀ ਤਾਂ ਵਾਏ ਵੱਲ ਵੀ ਕਿਸੇ ਨੂੰ ਨਾ ਵੇਖਣ ਦੇਸਾਂ।' ਉਸ ਦੇ ਤਰਲੇ ਨਾਲ ਸਾਰੇ ਰਾਜੇ ਪਸੀਜ ਗਏ। ਉਨ੍ਹਾਂ ਫ਼ੈਸਲਾ ਕਰ ਲਿਆ ਕਿ ਕੱਲ੍ਹ ਸਵੇਰ ਤੋਂ ਉਹ ਆਪਣੀਆਂ ਦੋਨਾਲੀਆਂ ਤੇ ਹੋਰ ਬੰਦਿਆਂ ਨਾਲ ਨੂਰਪੁਰੇ ਨੂੰ ਘੇਰ ਲੈਣਗੇ ਅਤੇ ਧਾੜਵੀਆਂ ਨੂੰ ਕਿਸੇ ਵੀ ਸੂਰਤ ਵਿਚ ਪਿੰਡ ਤੇ ਨਹੀਂ ਪੈਣ ਦੇਣਗੇ। ਉਨ੍ਹਾਂ ਇਹ ਵੀ ਵਿਉਂਤ ਲਿਆ ਕਿ ਜੇ ਕੋਈ ਆਫ਼ਤ ਆ ਹੀ ਗਈ, ਉਹ ਹਿੰਦੂ-ਸਿੱਖ ਟੱਬਰਾਂ ਨੂੰ ਆਪਣੇ ਘਰਾਂ ਵਿਚ ਛੁਪਾ ਲੈਣਗੇ।

ਉਸੇ ਰਾਤੀਂ ਅਸਲਮ ਨੇ ਜੋਦੇ ਸ਼ਾਹ, ਬੁੱਧ ਸਿੰਘ, ਠਾਕਰ ਲਾਲ ਅਤੇ ਮੁਕੰਦੀ ਨੂੰ ਬੁਲਾ ਕੇ ਇਸ ਸਾਰੇ ਕੁਝ ਬਾਰੇ ਦੱਸਿਆ ਅਤੇ ਸੁਚੇਤ ਰਹਿਣ ਲਈ ਕਿਹਾ। ਨਾਲ ਹੀ ਉਸ ਭਰੋਸਾ ਦਿੱਤਾ ਕਿ ਉਹ ਹਰ ਹਾਲਤ ਵਿਚ ਉਨ੍ਹਾਂ ਦੀ ਰਖਵਾਲੀ ਕਰੇਗਾ। ਉਸ ਇਹ ਵੀ ਕਹਿ ਦਿੱਤਾ ਕਿ ਜੇ ਲੋੜ ਪੈ ਗਈ, ਫ਼ਜ਼ਲੂ ਤੇ ਰਹੀਮੂ ਉਨ੍ਹਾਂ ਨੂੰ ਟੱਬਰਾਂ ਸਮੇਤ ਕੱਸਾਂ ਤੋਂ ਪਾਰ ਰਾਜਿਆਂ ਦੇ ਘਰਾਂ ਵਿਚ ਛੁਪਾ ਦੇਣਗੇ।

ਨੂਰਪੁਰੇ ਦੀ ਪੱਛਮੀ ਬਾਹੀ ਵੱਲ ਕੱਸ ਵਗਦੇ ਸਨ। ਇਨ੍ਹਾਂ ਵਿੱਚ ਨੇੜੇ ਪਹਾੜਾਂ ਤੋਂ ਆਉਂਦਾ ਨਿਰਮਲ ਪਾਣੀ ਵਹਿੰਦਾ ਰਹਿੰਦਾ ਸੀ। ਕੱਸਾਂ ਦਾ ਪਾਣੀ ਕਿਧਰੇ ਡੂੰਘਾ ਤੇ ਕਿਧਰੇ ਪੇਤਲਾ ਹੁੰਦਾ। ਕਈ ਥਾਈਂ ਵੱਡੇ-ਵੱਡੇ ਪੱਥਰ ਸਨ, ਜਿਨ੍ਹਾਂ ਉੱਤੇ ਪੈਰ ਰੱਖ ਕੇ ਕੱਸ ਪਾਰ ਕੀਤਾ ਜਾਂਦੈ। ਇਨ੍ਹਾਂ ਦੀ ਪੂਰਬੀ ਬਾਹੀ ਵੱਲ ਉਪਰਲੇ ਪਾਸੇ ਰਾਜੇ ਅਸਲਮ ਦਾ ਬਾਗ਼ ਸੀ। ਇੱਥੇ ਨਾਲ ਵਗਦੇ ਪਾਣੀਆਂ ਵਿਚ ਲਿਸ਼ ਲਿਸ਼ ਕਰਦੀ ਜਲਿਹਾਰੀ ਸੀ, ਜਿਸ ਦੇ ਹੇਠੋਂ ਹਰ ਸਮੇਂ ਤਾਜ਼ਾ ਠੰਢਾ ਪਾਣੀ ਫੁਟਦਾ ਰਹਿੰਦਾ ਸੀ। ਇੱਥੋਂ ਹੀ ਸਾਰੇ ਪਿੰਡ ਵਾਲੇ ਗਰਮੀਆਂ ਵਿਚ ਪੀਣ ਲਈ ਠੰਢਾ ਪਾਣੀ ਖੜਦੇ ਸਨ।

ਕੱਸਾਂ ਦੇ ਨਾਲ ਦੂਰ-ਦੂਰ ਤਕ ਛੋਟੇ-ਛੋਟੇ, ਵੱਡੇ-ਵੱਡੇ, ਗੋਲ ਗੋਲ, ਰਿੜ੍ਹ ਰਿੜ੍ਹ ਕੇ ਆਏ ਪੱਥਰ ਹੀ ਪੱਥਰ ਖਿਲਰੇ ਸਨ। ਇਨ੍ਹਾਂ ਨੂੰ ਲੰਘ ਕੇ ਪਾਰ ਦਰੱਖ਼ਤਾਂ ਦੇ ਝੁੰਡਾਂ ਵਿੱਚ ਘਿਰੇ ਹੋਏ ਰਾਜਿਆਂ ਦੇ ਘਰ ਸਨ।

ਪੂਰਬੀ ਬਾਹੀ ਵੱਲ ਧਰਮਸ਼ਾਲ ਸੀ। ਇਸ ਦੇ ਨਾਲ ਉਪਰਲੇ ਵੇਹੜੇ ਵਾਲਿਆਂ ਦੇ ਪੰਜ ਸੱਤ ਸਿੱਖਾਂ ਤੇ ਹਿੰਦੂਆਂ ਦੇ ਘਰ ਸਨ। ਬਾਕੀ ਘਰ ਸਾਮ੍ਹਣੇ ਪਾਸੇ ਹਨ।

ਉੱਤਰੀ ਬਾਹੀ ਵੱਲ ਰਾਵਲਪਿੰਡੀ ਤੋਂ ਆਉਂਦੀ ਸੜਕ ਸੈਦਪੁਰ ਵੱਲ ਮੁੜ ਜਾਂਦੀ ਸੀ। ਸੜਕ ਤੋਂ ਹੇਠਾਂ ਪਿੰਡ ਦਾ ਰਸਤਾ ਡੂੰਘੀ ਹਲਾਈ ਵਾਲਾ ਸੀ। ਇੱਥੋਂ ਹੀ ਕੱਸਾਂ ਦਾ ਪੁਲ ਪਾਰ ਕਰਕੇ ਛੋਟਾ ਜੇਹਾ ਬਾਜ਼ਾਰ ਆਉਂਦਾ ਸੀ। ਉਸ ਦੇ ਮੋੜ ਤੇ ਠਾਕਰ ਦਵਾਰੇ ਤੇ ਸ਼ਿਵਾਲੇ ਦਾ ਕਲਸ ਲਿਸ਼ਕਦਾ ਸੀ।

ਦੱਖਣੀ ਬਾਹੀ ਵੱਲ ਸ਼ਾਹ ਲਤੀਫ਼ ਦੀ ਦਰਗਾਹ ਸੀ, ਜਿਸ ਦੀ ਜ਼ਿਆਰਤ ਲਈ ਸਾਰੇ ਪੰਜਾਬ ਦੇ ਕੋਨੇ-ਕੋਨੇ ਤੋਂ ਅਕੀਦਤਮੰਦ ਆਉਂਦੇ ਸਨ। ਇੱਥੋਂ ਦਾ ਬਾਰ੍ਹਾਂ ਦਿਨਾਂ ਦਾ ਬਰੀਮਾ ਦਾ ਮੇਲਾ ਆਪਣੀ ਮਿਸਾਲ ਆਪ ਸੀ। ਇਸ ਦੀ ਰੌਣਕ ਅਜੀਬ। ਮੇਲੇ ਦੇ ਦਿਨਾਂ ਵਿੱਚ ਹਜ਼ਾਰਾਂ ਲੋਕੀਂ ਇਕੱਠੇ ਹੁੰਦੇ, ਕੀ ਮੁਸਲਮਾਨ, ਕੀ ਪਠਾਣ, ਕੀ ਹਿੰਦੂ ਤੇ ਕੀ ਸਿੱਖ। ਪੰਜਾਬ ਭਰ ਦੀਆਂ ਗਾਉਣ ਵਾਲੀਆਂ ਦਰਗਾਹ 'ਤੇ ਮੁਜਰਾ ਪੇਸ਼ ਕਰਦੀਆਂ ਸਨ। ਮੇਲੇ ਦੇ ਦਿਨਾਂ ਵਿੱਚ ਸਭ ਪਾਸੇ ਚਹਿਲ ਪਹਿਲ ਰਹਿੰਦੀ, ਅਖਾੜੇ ਬੰਨ੍ਹੀਦੇ ਤੇ ਰਾਜਿਆਂ ਤੇ ਸਾਹਾਂ ਦੇ ਘਰਾਂ ਵਿੱਚ ਮੁਜਰਿਆਂ ਦੀਆਂ ਮਹਿਫ਼ਲਾਂ ਜੰਮਦੀਆਂ ਸਨ। ਸਾਰੇ ਪਿੰਡ ਦੇ ਘਰਾਂ ਦੇ ਕਮਰੇ ਬਹੁਤ ਵੱਡੇ ਕਿਰਾਏ 'ਤੇ ਉਠੇ ਹੁੰਦੇ ਸਨ।

ਮੇਲੇ ਵਿੱਚ ਬਾਜ਼ਾਰ ਖਚਾ-ਖਚ ਭਰਿਆ ਹੁੰਦਾ, ਨਵੇਂ ਨਵੇਂ ਹੱਟ ਸਜਦੇ, ਛਾਬੜੀਆਂ ਤੇ ਖੋਂਚਿਆਂ ਵਾਲੇ ਉਮਡ ਕੇ ਆ ਜਾਂਦੇ, ਸਭ ਕੁਝ ਮਿਲਦਾ, ਸਭ ਕੁਝ ਵਿਕਦਾ, ਹਜ਼ਾਰਾਂ ਦੇ ਸੌਦੇ ਹੋ ਜਾਂਦੇ। ਬਹੁਤੇ ਪਿੰਡ ਵਾਲਿਆਂ ਦਾ ਤਾਂ ਸਾਰੇ ਸਾਲ ਦਾ ਖਰਚਾ ਇਹ ਮੇਲਾ ਹੀ ਕੱਢ ਜਾਂਦਾ।

ਵੈਸੇ ਵੀ ਨੂਰਪੁਰੇ 'ਚ ਵਪਾਰ ਢੇਰ ਸੀ। ਪਹਾੜਾਂ ਤੋਂ ਬਟੰਗ, ਬਰੀਆਂ, ਦਾਖਾਂ, ਲੁਕਾਠਾਂ ਤੇ ਆਮ ਲੋਕਾਂ ਦੀਆਂ ਛੱਟਾਂ ਦੀਆਂ ਛੱਟਾਂ ਆਉਂਦੀਆਂ, ਇਹ ਸਭ ਕੁਝ ਇੱਥੇ ਵਿਕ ਜਾਂਦਾ। ਹੋਰ ਮਾਲ ਪਿੰਡੀਉਂ ਕਰਾਚੀਆਂ ਤੇ ਆ ਜਾਂਦਾ। ਵਪਾਰ ਸਿੱਖ, ਸ਼ਾਹ ਤੇ ਹਿੰਦੂ ਕਰਦੇ, ਮੁਸਲਮਾਨ ਰਾਜੇ ਜ਼ਮੀਨਾਂ ਦੀ ਮਾਲਕੀ ਦੇ ਨਸ਼ੇ ਵਿੱਚ ਮਖ਼ਮੂਰ ਅਤੇ ਹੋਰ ਛੋਟੇ ਮੋਟੇ ਖੇਤੀ ਦੇ ਕੰਮਾਂ ਵਿੱਚ ਵਿਕਸਤ ਰਹਿੰਦੇ। ਕੋਈ ਪੜ੍ਹ ਲਿਖ ਜਾਏ ਤਾਂ ਪਿੰਡੀ ਕਿਲ੍ਹੇ ਵਿੱਚ ਜਾਂ ਹੋਰ ਕਿਧਰੇ ਨੌਕਰੀ ਕਰ ਲਏ।

ਨੂਰਪੁਰ ਦੀ ਜ਼ਿੰਦਗੀ ਬੜੀ ਸ਼ਾਂਤ ਤੇ ਸੁਖਾਵੀਂ ਸੀ। ਮੁਸਲਮਾਨ, ਹਿੰਦੂ, ਸਿੱਖ ਸਾਰੇ ਰਚ-ਮਿਚ ਕੇ ਰਹਿੰਦੇ ਸਨ। ਕਿਸੇ ਦੇ ਘਰ ਵਿਆਹ ਸ਼ਾਦੀ ਹੋਵੇ, ਬਿਨਾਂ ਕਿਸੇ ਭਿੰਨ ਭੇਦ ਦੇ ਸਭ ਮਿਲ ਕੇ ਪ੍ਰਬੰਧ ਕਰ ਲੈਂਦੇ। ਜੋਧੇ ਸ਼ਾਹ ਦੀ ਕੁੜੀ ਦਾ ਵਿਆਹ ਆਇਆ, ਸਲੀਮੇ ਆਪਣੀਆਂ ਦੋਹਾਂ ਬੈਠਕਾਂ ਵਿੱਚ ਬਰਾਤੀਆਂ ਲਈ ਵੀਹ ਮੰਜੀਆਂ ਵਿਛਵਾ ਕੇ ਬਿਸਤਰੇ ਲਗਵਾ ਦਿੱਤੇ। ਤਿੰਨ ਸਾਲ ਪਹਿਲਾਂ ਸਲੀਮੇ ਦੀ ਪੋਤਰੀ ਦਾ ਨਿਕਾਹ ਹੋਇਆ, ਜੋਧੇ ਸ਼ਾਹ ਵੀ ਘੱਟ ਨਹੀਂ ਸੀ ਗੁਜ਼ਾਰੀ, ਉਸ ਵੀ ਬੈਠਕ ਤੇ ਸੁਫ਼ੇ ਵਿਚ ਸਲੀਮ ਦੇ ਬਰਾਤੀਆਂ ਲਈ ਟਿਕਾਣੇ ਦਾ ਪ੍ਰਬੰਧ ਕੀਤਾ ਤੇ ਨਾਲ ਸੱਤ ਸੱਤ ਖਾਤਰਾਂ ਕੀਤੀਆਂ। ਪਿੰਡ ਦੀ ਧੀ ਭੈਣ, ਸਭ ਦੀ ਧੀ ਭੈਣ। ਕੀ ਮਜ਼ਾਲ ਕੋਈ ਖਰੂਦ ਕਰ ਜਾਏ।

ਮੁਸਲਮਾਨ ਰਾਜੇ ਸ਼ਾਹ ਖਰਚ ਸਨ, ਲੋੜ ਸਮਝਣ ਤੇ ਸ਼ਾਹਾਂ ਸਰਦਾਰਾਂ ਤੋਂ ਪੈਸਾ ਸੂਦੀ ਫੜ ਲੈਂਦੇ, ਹੋਰ ਚੀਜ਼ਾਂ ਵਸਤਾਂ ਉਧਾਰੀਆਂ ਲੈ ਲੈਂਦੇ, ਪਰ ਫ਼ਸਲਾਂ

ਆਉਣ 'ਤੇ ਪੈਸਾ ਪੈਸਾ ਮੋੜ ਕੇ ਦਿੰਦੇ।

ਇੱਥੇ ਸਾਰੇ ਮਿਲ-ਜੁਲ ਕੇ ਰਹਿੰਦੇ। ਕੋਈ ਦਿਨ ਤਿਹਵਾਰ ਹੋਵੇ, ਈਦ ਮੁਹੱਰਮ ਹੋਏ, ਸਾਰੇ ਮਿਲ ਕੇ ਸ਼ਮੂਲੀਅਤ ਕਰਦੇ ਤੇ ਇਕ ਦੂਜੇ ਦੇ ਜਜ਼ਬਾਤਾਂ ਦੀ ਕਦਰ ਕਰਦੇ ਸਨ।

ਪੁਸ਼ਤਾਂ ਤੋਂ ਨੂਰਪੁਰੇ ਦੀ ਜ਼ਿੰਦਗੀ ਇਕ ਸੂਤਰ ਵਿਚ ਪਰੋਈ ਤੁਰੀ ਆ ਰਹੀ ਸੀ। ਕੁਝ ਐਸਾ ਮਾਹੌਲ ਬਣਿਆ ਹੋਇਆ ਸੀ ਕਿ ਕੋਈ ਖਰੂਦੀ ਸਿਰ ਕੱਢਦਾ, ਵਡੇਰੇ ਉਸ ਨੂੰ ਡੱਕ ਦਿੰਦੇ। ਕਿਸੇ ਦੀ ਹਿੰਮਤ ਨਾ ਪੈਂਦੀ ਕਿ ਕੋਈ ਕਿਸੇ ਵੱਲ ਅੱਖ ਕਰ ਸਕੇ।

ਨੰਬਰਦਾਰ ਰਾਜਾ ਅਸਲਮ ਵੀ ਰੱਜ ਕੇ ਨੇਕ ਇਨਸਾਨ ਸੀ। ਲੰਮਾ, ਉੱਚਾ, ਭਰਵਾਂ ਬਜ਼ੁਰਗ, ਉਸ ਮਹਿੰਦੀ ਨਾਲ ਸਿਰ ਤੇ ਦਾੜ੍ਹੀ ਦੇ ਵਾਲ ਰੰਗੇ ਹੁੰਦੇ। ਘਰ ਪਲੰਘ 'ਤੇ ਬੈਠਦਾ, ਵੱਡਾ ਨਾਲੀ ਵਾਲਾ ਹੁੱਕਾ ਕੋਲ ਪਿਆ ਹੁੰਦਾ। ਜੇ ਕੋਈ ਉਸ ਨੂੰ ਮਿਲਣ ਆ ਜਾਏ, ਉਹ ਸੱਤ ਖਾਤਰਾਂ ਕਰਦਾ, ਸੁੱਚੇ ਮੂੰਹ ਕਿਸੇ ਨੂੰ ਨਾ ਜਾਣ ਦਿੰਦਾ। ਹਰ ਕੋਈ ਨੂਰਪੁਰੇ ਦਾ ਉਸ ਦਾ ਆਦਰ ਕਰਦਾ ਤੇ ਸਾਰੇ ਉਸ ਨੂੰ ਅੰਦਰੋਂ ਪਿਆਰ ਕਰਦੇ।

ਰਾਜੇ ਅਸਲਮ ਨੇ ਮਿੱਥੇ ਅਨੁਸਾਰ ਅਗਲੀ ਸਵੇਰ ਦੁਨਾਲੀਆਂ ਨਾਲ ਤੇ ਹੋਰ ਹਥਿਆਰਾਂ ਨਾਲ ਲੈਸ ਸਾਰੇ ਸੰਗੀ ਸਾਥੀਆਂ ਨੂੰ ਨੂਰਪੁਰੇ ਦੇ ਰਸਤਿਆਂ 'ਤੇ ਤੈਨਾਤ ਕਰ ਦਿੱਤਾ। ਉਹ ਆਪ, ਬਖ਼ਤਾਵਰ ਤੇ ਹੋਰ ਕੁਝ ਸਾਥੀਆਂ ਨੂੰ ਲੈ ਕੇ ਸੜਕ ਵਾਲੇ ਪਾਸੇ ਹੋ ਗਿਆ।

ਕੋਈ ਯਾਰਾਂ ਕੁ ਵਜੇ ਧਾੜਵੀ ਤੇ ਬਦਲਈ ਢੋਲ ਕੁਟਦੇ, ਚਾਂਗਰਾਂ ਕਢਦੇ, ਕਰਾਚੀਆਂ ਤੇ ਛਟਾਂ ਤੇ ਲੁੱਟ ਦਾ ਮਾਲ ਲੈ ਕੇ ਸੜਕ ਵਾਲੇ ਪਾਸਿਉਂ ਦਗੜ ਦਗੜ ਕਰਦੇ ਆ ਵੜੇ। ਧਾੜਵੀਆਂ ਜਾਤਾ ਕਿ ਅਸਲਮ ਉਨ੍ਹਾਂ ਦੀ ਇੰਤਜ਼ਾਰ ਪਿਆ ਕਰਦੈ। ਧਾੜਵੀਆਂ ਕੋਲ ਟਕੂਏ, ਗੰਡਾਸੇ, ਸੁੰਮਾ ਵਾਲੀਆਂ ਡਾਂਗਾਂ, ਕੁਹਾੜੀਆਂ ਤੇ ਬਰਛੇ ਸਨ। ਦੰਨ-ਦੰਨਾਉਂਦੇ ਹੋਏ ਉਹ ਅੱਗੇ ਵੱਧਣ ਲੱਗੇ ਤਾਂ ਅਸਲਮ ਨੇ ਦੁਨਾਲੀ ਤਾਣ ਕੇ ਗੁੱਸੇ ਵਿੱਚ ਕਿਹਾ—

'ਹੋਏ ਠਹਿਰੋ, ਮਤ ਕੋਈ ਅੱਗੇ ਵਧਣ ਦੀ ਹਿੰਮਤ ਕਰੇ, ਅੱਗੇ ਵਧਣ ਵਾਲੇ ਕੀ ਭੁੰਨੀ ਛੋੜਸਾਂ।" ਅਸਲਮ ਦੀ ਗਰਜਵੀਂ ਆਵਾਜ਼ ਸੁਣ ਕੇ ਬਖ਼ਤਾਵਰ ਨੇ ਵੀ ਦੋਨਾਲੀ ਤਾਣ ਲਈ।

ਸਾਮ੍ਹਣਿਉਂ ਧਾੜਵੀਆਂ ਵਿਚੋਂ ਜ਼ਫਰੂ ਤੇ ਮਲਿਕ ਜੋ ਅੱਗੇ ਸਨ, ਰੁਕ ਗਏ ਤੇ ਕਹਿਣ ਲੱਗੇ, 'ਭਰਾਵਾ! ਪਾਕਿਸਤਾਨ ਬਣੀ ਜਾਣੈ, ਹਿਨਾਂ ਸਿੱਖੜਿਆਂ ਤੇ ਕਰਾੜਾਂ ਨੂੰ ਕੱਢਣਾ ਹੀ ਪੈਣੇ। ਹਿਨਾਂ ਦੇ ਬੰਦਿਆਂ ਦੂਰ ਸਾਡੇ ਮੁਸਲਮਾਨ ਭਰਾਵਾਂ ਦੀਆਂ ਲਾਸ਼ਾਂ ਦੇ ਸੱਥਰਾਂ ਦੇ ਸੱਥਰ ਲਾ ਛਡੇ ਨੀ। ਹਿਨਾਂ ਕੀ ਛੋੜਨਾ ਨਹੀਂ। ਹਿਨਾਂ ਦੀਆਂ ਇਜ਼ਤਾਂ ਲੁਟਣੀਆਂ ਨੇ। ਤੂੰ ਮਾਲਿਕ ਏਂ, ਨੂਰਪੁਰੇ ਨੀ ਸਾਰੀ ਲੁੱਟ ਤੇਰੀ, ਤੂੰ ਸਾਡੇ ਨਾਲ ਹੋ। ਨੂਰਪੁਰੇ ਕੀ ਲੁਟੀਕੇ ਹਸਾਡੇ ਨਾਲ ਅੱਗੇ ਤੁਰ। ਤੂੰ ਸਾਡਾ ਸਰਦਾਰ ਏਂ, ਸਰਬਰਾਹ ਬਣ।'

ਇਹ ਸੁਣ ਅਸਲਮ ਕੜਕ ਕੇ ਬੋਲਿਆ, "ਮੈਂ ਨੂਰਪੁਰੇ 'ਚ ਹੇ ਕਾਰਾ ਨਹੀਂ ਹੋਣ ਦੇਣਾ, ਭਾਵੇਂ ਮੇਰੀ ਜਾਨ ਤੇ ਵੀ ਬਣੀ ਜਾਏ। ਪਿੰਡੇ ਕੀ ਅਸੀਂ ਸਾਰੇ ਪਾਸਿਉਂ ਦੋਨਾਲੀਆਂ ਵਾਲਿਆਂ ਨਾਲ ਲੈਸ ਕਰਕੇ ਘੇਰਿਐ ਹੋਇਐ। ਨੂਰਪੁਰੇ ਨੇ ਸਰਦਾਰ ਤੇ ਕਰਾੜ ਪੁਸ਼ਤਾਂ ਤੋਂ ਸਾਡੇ ਨਾਲ ਹੈਣ, ਹਿਨਾਂ ਵੱਲ ਅੱਖ ਨਾ ਪੁਟਣ ਦੇਸਾਂ। ਭਲੀ ਚਾਹੁੰਦੇ ਹੋ, ਹਿੱਧਰ ਮੂੰਹ ਨਾ ਕਰੋ। ਵਰਨਾ....'

ਇਹ ਕਹਿ ਕੇ ਅਸਲਮ ਨੇ ਹਵਾ ਵਿਚ ਕਾਰਤੂਸ ਦਾਗ ਦਿੱਤਾ। ਕਾਰਤੂਸਾਂ ਦੀ ਪੇਟੀ ਉਸ ਦੇ ਗਲੇ ਵਿਚ ਲਟਕ ਰਹੀ ਸੀ।

ਧਾੜਵੀ ਭਾਂਪ ਗਏ ਕਿ ਇੱਥੇ ਦਾਲ ਨਹੀਂ ਗਲਣੀ। ਧਾੜਵੀਆਂ ਤੇ ਲੁਟੇਰਿਆਂ ਵਿਚ ਦੰਮ ਨਹੀਂ ਹੁੰਦਾ, ਉਹ ਤਾਂ ਲੁੱਟ ਇਕੱਠੀ ਕਰਨ ਤੁਰਦੇ ਹਨ। ਜਦ ਮੁਆਮਲਾ ਪੈ ਜਾਏ ਖਿਸਕ ਜਾਂਦੇ ਹਨ। ਉਨ੍ਹਾਂ ਸੋਚਿਆਂ ਕਿ ਦੋਨਾਲੀਆਂ ਅੱਗੇ ਟਕੂਏ ਤੇ ਲਠ ਕੀ ਕਰਨਗੇ? ਅਸਲਮ ਦੇ ਰੋਹਬ, ਕੜਕ ਤੇ ਗਰਜ਼ ਅੱਗੇ ਉਨ੍ਹਾਂ ਦੇ ਹੌਸਲੇ ਪਸਤ ਹੋ ਗਏ। ਹਾਰ ਕੇ ਜੱਕੋ-ਤੱਕੀ ਵਿਚ ਉਹ ਸਾਰੇ ਸੈਦਪੁਰੇ ਵੱਲ ਵਧ ਟੁਰੇ।

ਅਸਲਮ ਤੇ ਬਖ਼ਤਾਵਰ ਸਾਥੀਆਂ ਸਮੇਤ ਉੱਥੇ ਡਟੇ ਰਹੇ। ਬਾਕੀ ਪਾਸੇ ਵੀ ਇਵੇਂ ਘਿਰੇ ਹੋਏ ਸਨ। ਹੌਲੀ ਹੌਲੀ ਧਾੜਵੀਆਂ ਦੀ ਵਹੀਰ ਅੱਖੋਂ ਉਹਲੇ ਹੁੰਦੀ ਹੁੰਦੀ ਬਹੁਤ ਦੂਰ ਨਿਕਲ ਗਈ।

ਅਸਲਮ ਦੇ ਸਾਹ ਵਿਚ ਸਾਹ ਆਇਆ। ਨਿੱਠ ਕੇ ਹੇਠ ਬੈਠ ਗਿਆ। ਬਖ਼ਤਾਵਰ ਨਾਲ ਸਲਾਹ ਕਰਨ ਲੱਗਾ ਤੇ ਕਿਹਾ, 'ਧਾੜਵੀ ਭੱਜੀ ਗਏ ਨੀ, ਪਰ ਹਿਨਾਂ ਦਾ ਭਰੋਸਾ ਨਹੀਂ। ਜਨੂਨ ਤੇ ਲੂਟ ਨੇ ਹਿਨਾਂ ਦੀ ਅੱਖਾਂ ਤੇ ਪੱਟੀ ਬੱਧੀ ਹੋਈ ਏ। ਤੇ ਫਿਰ ਕਿਸੇ ਵੇਲੇ ਵੀ ਧਾਈ ਕਰ ਲੈਣ, ਪੂਰਾ ਪਹਿਰਾ ਦੇਣਾ ਪੈਣੇ।'

ਅਸਲਮ ਨੇ ਬਖ਼ਤਾਵਰ ਨੂੰ ਤੋਰਿਆ ਕਿ ਉਹ ਸਾਰੇ ਫਿਰ ਕੇ ਵੇਖੇ, ਸਾਰੇ ਚੌਕਸੀ ਨਾਲ ਹਨ, ਕਿਸੇ ਨੂੰ ਸਿੱਥਲ ਨਹੀਂ ਹੋਣ ਦੇਣਾ।

ਕੋਈ ਘੰਟੇ ਕੁ ਬਾਅਦ ਬਖ਼ਤਾਵਰ ਕੁਝ ਸਾਥੀਆਂ ਨਾਲ ਮੁੜਿਆ। ਉਨ੍ਹਾਂ ਸਾਰਿਆਂ ਅਸਲਮ ਨਾਲ ਮਸ਼ਵਰਾ ਕੀਤਾ ਕਿ ਹਾਲ ਦੀ ਘੜੀ ਵਕਤ ਟਲ ਗਿਆ ਹੈ, ਪਰ ਛਾਏ ਬੱਦਲਾਂ ਨੂੰ ਭਾਂਪਣਾ ਵੀ ਜ਼ਰੂਰੀ ਹੈ। ਇਨ੍ਹਾਂ ਵੱਸਣਾ ਜ਼ਰੂਰ ਹੈ। ਇਹ ਅੱਗ ਜੋ ਫੈਲ ਰਹੀ ਹੈ, ਕਦ ਤਕ ਡੱਕਾਂਗੇ। ਉਨ੍ਹਾਂ ਸੋਚਿਆ ਕਿ ਅੱਜ ਤਾਂ ਸਰਦਾਰਾਂ ਕਰਾੜਾਂ ਨੂੰ ਟੱਬਰਾਂ ਸਮੇਤ ਆਪਣੇ ਘਰਾਂ ਵਿੱਚ ਰਾਤ ਨੂੰ ਛੁਪਾਈਏ, ਫਿਰ ਹੌਲੀ ਹੌਲੀ ਉਨ੍ਹਾਂ ਦਾ ਸਾਮਾਨ ਬੰਨ੍ਹਵਾ ਕੇ ਰਾਤੋ-ਰਾਤ ਟਾਂਗਿਆਂ ਰਾਹੀਂ ਪਿੰਡੀ ਕੈਂਪਾਂ ਵਿਚ ਪੁਚਾਉਣ ਦਾ ਪ੍ਰਬੰਧ ਕਰੀਏ।

ਹੁਣ ਜਦ ਅਸਲਮ ਅੱਗੇ ਇਹ ਗੱਲ ਆਈ ਕਿ ਗ਼ੈਰ-ਮੁਸਲਮਾਨਾਂ ਨੂੰ ਪਿੰਡ ਵਿਚੋਂ ਪਿੰਡੀ ਪੁਚਾਉਣਾ ਹੀ ਹੋਏਗਾ, ਉਸ ਨੂੰ ਅੰਦਰੋਂ ਖੋਹ ਪਏ ਕਿ ਇਹ ਗੱਲ ਉਹ ਉਨ੍ਹਾਂ ਨਾਲ ਕਿਵੇਂ ਕਰੇਗਾ? ਉਹ ਜੋ ਪੀੜ੍ਹੀ ਦਰ ਪੀੜ੍ਹੀ ਇੱਥੇ ਵਸ ਰਹੇ ਸਨ, ਉਨ੍ਹਾਂ ਨੂੰ ਕਿਵੇਂ ਕਿਹਾ ਜਾਏ ਕਿ ਉਹ ਸਾਮਾਨ ਬੰਨ੍ਹ ਕੇ ਕੈਂਪਾਂ ਵਿਚ ਚਲੇ ਜਾਣ। ਉਸ ਨੂੰ ਤਾਂ ਕੁਝ ਔਹੜ ਨਹੀਂ ਸੀ ਰਿਹਾ। ਇਹ ਸੋਚ ਕੇ ਉਸ ਦੀ ਇਨਸਾਨੀਅਤ, ਨੇਕ-ਬਖ਼ਤੀ ਤੇ ਮੁਹੱਬਤ ਅੰਦਰ ਕੰਬ ਰਹੀ ਸੀ, ਪਰ ਹੋਰ ਰਾਹ ਵੀ ਤਾਂ ਕੋਈ ਨਹੀਂ ਸੀ।

ਰਖਵਾਲੀ ਦੀ ਜ਼ਿੰਮੇਵਾਰੀ ਬਖ਼ਤਾਵਰ ਨੂੰ ਸੌਂਪ ਕੇ ਅਸਲਮ ਘਰ ਪਰਤਿਆ। ਜੋਧੇਸ਼ਾਹ ਤੇ ਬੁੱਧ ਸਿੰਘ ਨੂੰ ਬੁਲਾ ਕੇ ਕਹਿਣ ਲੱਗਾ—

"ਭਰਾਵੋ! ਧਾੜਵੀਆਂ ਦੀ ਵਹੀਰ ਤੇ ਅੱਗੇ ਨਿਕਲ ਗਈ ਨੇ, ਪਰ ਹੈਨ ਜ਼ਾਲਮ! ਖ਼ੂਨ ਉਨ੍ਹਾਂ ਸਿਰ ਚੜ੍ਹਿਐ ਫਿਰਦੈ। ਅੰਦਰ ਹੌਲ ਪੈ ਰਿਹੈ। ਚੰਦਰੀ ਜ਼ਬਾਨੋਂ ਕਿਵੇਂ ਆਖਾਂ, ਸਾਮਾਨ ਬੰਨ੍ਹੋ ਰਾਤੀਂ ਟਾਂਗਿਆਂ ਤੇ ਲਧੀਕੇ ਪਿੰਡੀ ਕੈਂਪਾਂ 'ਚ ਗਛੋ। ਠੰਢ ਪੈਣੀ ਤੇ ਪਰਤੀ ਆਣਾ। ਬੰਦੇ ਸਾਡੇ ਤੁਸਾਂ ਨਾਲ ਵੰਝਸਣ, ਹਿਫਾਜ਼ਤ ਨਾਲ ਪੁਚਾਸਣ।' ਉਸ ਦਾ ਗੱਚ ਭਰਿਆ ਹੋਇਆ ਸੀ।

ਇਹ ਸੁਣ ਕੇ ਜੋਧੇਸ਼ਾਹ ਤਾਂ ਭੌਂਤਲ ਗਿਆ। ਜ਼ਰਾ ਸੰਭਲਿਆ ਤਾਂ ਅਸਲਮ ਦਾ ਹੱਥ ਆਪਣੇ ਹੱਥ ਵਿਚ ਲੈ ਕੇ ਮੱਥੇ ਨਾਲ ਲਾਂਦਿਆਂ ਕਹਿਣ ਲੱਗਾ, 'ਤੈਂਡਾ ਹਸਾਨ ਅਸਾਂ ਕੀ ਨਹੀਂ ਭੁਲਣਾ, ਤੈਂਡੇ ਕਰ ਕੇ ਬਚ ਗਏ ਹਾਂ। ਆਉਣ ਵਾਲੇ ਸਾਡੇ ਟੁਕੜੇ ਟੁਕੜੇ ਨੋਚ ਲੈਂਦੇ, ਧੀਆਂ ਭੈਣਾਂ ਨੀਆਂ ਇੱਜ਼ਤਾਂ ਲੁਟਦੇ। ਅੱਲਾ ਤੇਰੇ ਅੰਦਰ ਤਰਸ ਪਾਇਐ, ਸ਼ੇਰ ਨਿਆਂ ਪੁੱਤਰਾਂ! ਕੌਣ ਜਾਨੀ ਤੇ ਖੇਡਦੈ। ਹਸਾਡਾ ਲੂੰ ਲੂੰ ਤੈਂਡਾ ਮਸ਼ਕੂਰ ਏ। ਜੀਕਣ ਠੀਕ ਜਾਣਨੈ, ਸਾਡਾ ਬਾਨ੍ਹਣੂ ਬੰਨ। ਉਤੇ ਅੱਲਾ ਏ, ਹੇਠਾਂ ਤੂੰ। ਇਸ ਤਰ੍ਹਾਂ ਤਿੰਨ ਰਾਤਾਂ ਵਿੱਚ ਟਾਂਗਿਆਂ ਰਾਹੀਂ ਆਪਣੇ ਜਨਮ ਦੀ ਮਿੱਟੀ ਤੋਂ ਵਿਛੜਦਿਆਂ ਛੰਮ ਛੰਮ ਅੱਥਰੂ ਕੇਰਦਿਆਂ ਨਿਕ ਸੁਕ ਬੰਨ੍ਹ ਕੇ ਜਿਨ੍ਹਾਂ ਸਿਰ ਬਣੀ ਸੀ, ਨੂਰਪੁਰੇ ਨੂੰ ਖਾਲੀ ਕਰਕੇ ਕੈਂਪਾਂ ਵਿੱਚ ਜਾ ਪਹੁੰਚੇ। ਕਹਿਰ ਹਨ੍ਹੇਰੀ ਵਿੱਚ ਵੀ ਇਨਸਾਨੀਅਤ ਦਾ ਬੀਜ ਨਾਸ ਨਾ ਹੋਇਆ। ਅਸਲਮ ਦੇ ਅੰਦਰ ਦੀ ਇਨਸਾਨੀਅਤ ਨੇ ਨੂਰਪੁਰੇ ਨੂੰ ਬਚਾਅ ਦਿੱਤਾ।

# ਗੌਰਮਿੰਟ ਸਕੂਲ ਲੈਕਚਰਾਰ ਯੂਨੀਅਨ ਪੰਜਾਬ

## ਸਨਮਾਨ ਪੱਤਰ

**ਲੈਕਚਰਾਰ ਵਰਗ ਦੇ ਹਿੱਤਾਂ ਦੀਆਂ ਪ੍ਰਾਪਤੀਆਂ ਵਿੱਚ ਵਡਮੁੱਲੇ ਯੋਗਦਾਨ ਸਦਕਾ**

ਸ੍ਰੀ ਜੋਗਿੰਦਰ ਸਿੰਘ ਅਜੈਬ ਜੀ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ 8 ਜੁਲਾਈ, 2017 ਨੂੰ ਜੱਥੇਬੰਦੀ ਦੇ ਜਨਰਲ ਇਜਲਾਸ ਦੌਰਾਨ ਸਨਮਾਨਿਤ ਕਰਨ ਵਿੱਚ ਲੈਕਚਰਾਰ ਵਰਗ ਆਪਣਾ ਮਾਣ ਅਤੇ ਫਖ਼ਰ ਮਹਿਸੂਸ ਕਰਦਾ ਹੈ।

ਆਪ ਜੀ ਵੱਲੋਂ ਲੰਬਾ ਸਮਾਂ ਜੱਥੇਬੰਦੀ ਵਿੱਚ ਵੱਖ-ਵੱਖ ਅਹੁਦਿਆਂ 'ਤੇ ਰਹਿੰਦੇ ਹੋਏ ਸਮਾਜ ਅਤੇ ਸਿੱਖਿਆ ਵਿਭਾਗ ਲਈ ਨਿਭਾਏ ਗਏ ਉਸਾਰੂ ਰੋਲ ਸਦਕਾ ਜੱਥੇਬੰਦੀ ਨੂੰ ਮਜਬੂਤੀ ਪ੍ਰਦਾਨ ਹੋਈ ਹੈ । ਆਪ ਜੀ ਦੀ ਸ਼ਖਸ਼ੀਅਤ, ਸਹਿਨਸ਼ੀਲਤਾ ਅਤੇ ਮਿਲਜੁਲ ਕੇ ਕੰਮ ਕਰਨ ਦੇ ਹੁਨਰ ਨੂੰ ਜੱਥੇਬੰਦੀ ਹਮੇਸ਼ਾ ਸਲਾਮ ਕਰਦੀ ਰਹੇਗੀ।

ਜੱਥੇਬੰਦੀ ਆਪ ਜੀ ਦੇ ਲੰਬੇ ਅਤੇ ਸਿਹਤਮੰਦ ਜੀਵਨ ਦੀ ਕਾਮਨਾ ਕਰਦੀ ਹੋਈ, ਉਸਾਰੂ ਸੁਝਾਵਾਂ ਅਤੇ ਸਹਿਯੋਗ ਪ੍ਰਤੀ ਆਸਵੰਦ ਰਹੇਗੀ।




ਸਨਮਾਨ ਕਰਤਾ

ਸਟੇਟ ਕਮੇਟੀ

ਮੇਜਰ ਪ੍ਰਦੀਪ ਕੁਮਾਰ
ਜਨਰਲ ਸਕੱਤਰ

ਹਾਕਮ ਸਿੰਘ
ਪ੍ਰਧਾਨ

# ਸਨਮਾਨਿਤ ਸ਼ਖਸੀਅਤਾਂ



15 ਅਗਸਤ ਸੁਤੰਤਰਤਾ ਦਿਵਸ ਦੇ ਸਬੰਧ ਵਿਚ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਚ ਜ਼ਿਲ੍ਹਾ ਪੱਧਰ ਦੇ ਹੋਏ ਪ੍ਰੋਗਰਾਮ ਵਿਚ ਨਗਰ ਨਿਗਮ ਜਲੰਧਰ ਦੀ ਸੁਪਰਡੈਂਟ (ਅਮਲਾ) ਸ੍ਰੀਮਤੀ ਨਵਸੰਦੀਪ ਕੌਰ ਨੂੰ ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੀ ਇਮਾਨਦਾਰੀ ਅਤੇ ਚੰਗੇ ਅਨੁਸਾਸ਼ਨ ਕਰਕੇ ਸਨਮਾਨਤ ਕੀਤਾ ਗਿਆ। ਇਸ ਤੋਂ ਪਹਿਲਾਂ ਵੀ ਨਵਸੰਦੀਪ ਕੌਰ ਨੂੰ ਅਨੁਸਾਸ਼ਨ ਅਤੇ ਇਮਾਨਦਾਰ ਅਧਿਕਾਰੀ ਕਰਕੇ 26 ਜਨਵਰੀ ਨੂੰ ਨਗਰ ਨਿਗਮ ਦੇ ਦਫ਼ਤਰ ਵਿਚ ਸਨਮਾਨਤ ਕੀਤਾ ਗਿਆ ਸੀ।

15 ਅਗਸਤ ਨੂੰ ਜਲੰਧਰ ਵਿਚ ਹੋਏ ਪ੍ਰੋਗਰਾਮ ਦੇ ਵਿਚ ਮੁੱਖ ਮਹਿਮਾਨ ਰਜਿੰਦਰ ਸਿੰਘ ਬਾਜਵਾ ਅਤੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਵੱਲੋਂ ਇਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਸ੍ਰੀਮਤੀ ਨਵਸੰਦੀਪ ਕੌਰ ਜੀ ਦਾ ਜਨਮ 1977 ਵਿਚ ਸ੍ਰੀਮਤੀ ਗੁਰਮੇਸ਼ ਕੌਰ ਅਤੇ ਸ. ਟਹਿਲ ਸਿੰਘ ਰਿਟਾ. ਪ੍ਰਿੰਸੀਪਲ ਜੀ ਦੇ ਗ੍ਰਹਿ ਵਿਖੇ ਹੋਇਆ। ਇਨ੍ਹਾਂ ਨੇ ਉਚੇਰੀ ਵਿੱਦਿਆ ਪ੍ਰਾਪਤ ਕਰਕੇ ਨਗਰ ਨਿਗਮ ਵਿਚ ਬਤੌਰ ਇੰਸਪੈਕਟਰ ਸੇਵਾਵਾਂ ਸ਼ੁਰੂ ਕੀਤੀਆਂ। ਅੱਜ ਨਗਰ ਨਿਗਮ ਵਿਚ ਉਨ੍ਹਾਂ ਨੂੰ ਇਮਾਨਦਾਰ ਅਫ਼ਸਰ ਕਰਕੇ ਜਾਣਿਆ ਜਾਂਦਾ ਹੈ। ਇਨ੍ਹਾਂ ਦੀ ਸ਼ਾਦੀ 2003 ਵਿਚ (ਸ਼ਿਪ) ਕੈਪਟਨ ਅਜੀਤਪਾਲ ਸਿੰਘ ਪੁੱਤਰ ਸ. ਬਲਵਿੰਦਰ ਸਿੰਘ ਨਾਲ ਜਲੰਧਰ ਵਿਖੇ ਹੋਈ। ਇਨ੍ਹਾਂ ਦੇ ਪਰਿਵਾਰ ਵਿਚ ਉਪਕੀਰਤਨ ਵਿਚ ਮੁਲਤਾਨੀ ਬੇਟਾ ਹੈ ਅਤੇ ਪਰਿਵਾਰ ਸਮੇਤ ਜਲੰਧਰ ਵਿਚ ਰਹਿ ਰਹੇ ਹਨ।

ਅਸੀਂ ਅਦਾਰਾ ਲੁਬਾਣਾ ਸੇਵਕ ਵੱਲੋਂ ਇਹ ਮਾਣ ਮਹਿਸੂਸ ਕਰਦੇ ਹੋਏ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਇਹ ਬੇਟੀ ਆਪਣੀ ਇਮਾਨਦਾਰੀ ਕਰਕੇ ਹੋਰ ਬੁਲੰਦੀਆਂ ਨੂੰ ਛੂਹੇ।

**ਜੋਗਿੰਦਰ ਸਿੰਘ ਅਜੈਬ**

# ਵਿਸਰਦਾ ਜਾਂਦਾ ਵਿਰਸਾ

## ਪਿੱਠੂ ਗੇਮ

ਇਹ ਖੇਡ ਬਹੁਤ ਪ੍ਰਚਲਤ ਹੁੰਦੀ ਸੀ, ਪਰ ਅੱਜਕਲ੍ਹ ਦੇਖਣ ਨੂੰ ਨਹੀਂ ਮਿਲਦੀ। ਇਹ ਬਾਰਾਂ ਸਾਲਾਂ ਤੋਂ ਛੋਟੇ ਬੱਚਿਆਂ ਵਿਚ ਖਿਦੋ ਅਤੇ ਠੀਕਰੀਆਂ ਨਾਲ ਖੇਡੀ ਜਾਣ ਵਾਲੀ ਸੁਆਦਲੀ ਅਤੇ ਮਨੋਰੰਜਕ ਖੇਡ ਹੈ। ਇਸ ਖੇਡ ਵਿਚ ਗੇਂਦ ਨਾਲ ਨਿਸ਼ਾਨਾ ਲਾਉਣਾ, ਨਿਸ਼ਾਨੇ ਤੋਂ ਬਚਣ ਤੇ ਖਿਦੋ/ਗੇਂਦ ਨੂੰ ਬੋਚਣ ਦੇ ਢੰਗਾਂ ਦਾ ਚੰਗਾ ਅਭਿਆਸ ਹੁੰਦਾ ਹੈ। ਇਸ ਖੇਡ ਵਿਚ ਖਿਡਾਰੀਆਂ ਦੀ ਗਿਣਤੀ ਨਿਸ਼ਚਿਤ ਨਹੀਂ ਹੁੰਦੀ। ਖੇਡਣ ਵਾਲੇ ਬੱਚੇ ਦੋ ਟੋਲੀਆਂ ਬਣਾ ਲੈਂਦੇ ਹਨ। ਖੇਡਣ ਲਈ ਸਮਾਨ, ਇਕ ਖਿਦੋ/ਗੇਂਦ ਤੇ ਛੇ-ਸੱਤ ਠੀਕਰੀਆਂ।

ਖੇਡ ਸ਼ੁਰੂ ਕਰਨ ਲਈ ਜ਼ਮੀਨ ਤੇ ਗੋਲ ਚੱਕਰ ਬਣਾ ਕੇ ਉਸ ਵਿਚ ਇਕ ਇੱਟ ਜਾਂ ਅੱਧੀ ਇੱਟ (ਜਿਸ ਨੂੰ ਰੋੜਾ ਵੀ ਕਹਿੰਦੇ ਹਨ) ਰੱਖ ਕੇ ਉਸ ਉੱਪਰ ਠੀਕਰੀਆਂ ਹੇਠ ਉੱਤੇ ਚਿਣ ਦਿੱਤੀਆਂ ਜਾਂਦੀਆਂ ਹਨ। ਇਸ ਤੋਂ ਥੋੜ੍ਹੀ ਦੂਰੀ ਤੇ ਇਕ ਨਿਸ਼ਾਨ ਲਗਾ ਲਿਆ ਜਾਂਦਾ ਹੈ, ਜਿਥੇ ਵਾਰੀ ਦੇਣ ਵਾਲਾ ਖਿਡਾਰੀ ਖੜ੍ਹਾ ਹੋ ਕੇ ਚੱਕਰ ਵਿਚ ਚਿਣੀਆਂ ਠੀਕਰੀਆਂ ਨੂੰ ਗੇਂਦ ਦਾ ਨਿਸ਼ਾਨਾ ਲਗਾਉਂਦਾ ਹੈ ਤੇ ਠੀਕਰੀਆਂ ਨੂੰ ਡੇਗਣ ਦੀ ਕੋਸ਼ਿਸ਼ ਕਰਦਾ ਹੈ। ਅਗਰ ਗੇਂਦ ਦਾ ਟੱਪਾ ਲੱਗ ਕੇ ਦੂਸਰੀ ਟੀਮ ਦਾ ਖਿਡਾਰੀ ਬੋਚ ਲਵੇ ਤਾਂ ਫਿਰ ਦੂਸਰੀ ਟੀਮ ਦੀ ਵਾਰੀ ਆ ਜਾਂਦੀ ਹੈ (ਅਗਰ ਠੀਕਰੀਆਂ ਨੂੰ ਟਚ ਨਹੀਂ ਹੁੰਦਾ)। ਜੇ ਵਿਰੋਧੀ ਖਿਡਾਰੀ ਗੇਂਦ ਨਾ ਬੋਚ ਸਕਣ ਅਤੇ ਚਿਣੀਆਂ ਠੀਕਰੀਆਂ ਡਿੱਗ ਜਾਣ ਤਾਂ ਖਿਦੋ/ਗੇਂਦ ਮਾਰਨ ਵਾਲਾ ਖਿਡਾਰੀ ਆਪਣੇ ਆਪ ਨੂੰ ਗੇਂਦ ਤੋਂ ਬਚਾਉਂਦਾ ਹੋਇਆ ਆਪਣੇ ਸਾਥੀਆਂ ਸਮੇਤ ਠੀਕਰੀਆਂ ਚਿਣਨ ਦੀ ਕੋਸ਼ਿਸ਼ ਕਰਦਾ ਹੈ ਅਤੇ ਦੂਸਰੀ ਟੀਮ ਵਾਲੇ ਇਕ ਦੂਸਰੇ ਨੂੰ ਗੇਂਦ ਪਾਸ ਵਜੋਂ ਦੇ ਕੇ ਠੀਕਰੀਆਂ ਚਿਣਨ ਵਾਲੇ ਖਿਡਾਰੀ ਨੂੰ ਨਿਸ਼ਾਨਾ ਲਗਾਉਂਦੇ ਹਨ। ਅਗਰ ਠੀਕਰੀਆਂ ਚਿਣਨ ਵਾਲੀ ਟੀਮ ਠੀਕਰੀਆਂ ਚਿਣਨ ਵਿਚ ਕਾਮਯਾਬ ਹੋ ਜਾਂਦੀ ਹੈ ਅਤੇ ਗੇਂਦ ਵੀ ਉਨ੍ਹਾਂ ਨੂੰ ਟਚ ਨਹੀਂ ਕਰਦੀ ਤਾਂ ਉਹ ਟੀਮ ਜਿੱਤ ਜਾਂਦੀ ਹੈ ਅਤੇ ਉਸ ਨੂੰ ਦੁਬਾਰਾ ਖੇਡਣ ਦਾ ਮੌਕਾ ਮਿਲਦਾ ਹੈ। ਇਸ ਦੇ ਉਲਟ ਅਗਰ ਪਹਿਲੀ ਟੀਮ ਠੀਕਰੀਆਂ ਚਿਣਨ ਤੋਂ ਪਹਿਲਾਂ-ਪਹਿਲਾਂ ਉਸ ਟੀਮ ਦੇ ਖਿਡਾਰੀ ਨੂੰ ਜੋ ਠੀਕਰੀਆਂ ਚਿਣ ਰਿਹਾ ਹੋਵੇ, ਨੂੰ ਗੇਂਦ ਮਾਰ ਦੇਵੇ ਤਾਂ ਪਹਿਲੀ ਟੀਮ ਆਊਟ ਹੋ ਜਾਂਦੀ ਹੈ ਅਤੇ ਦੂਸਰੀ ਟੀਮ ਦੀ ਵਾਰੀ ਆ ਜਾਂਦੀ ਹੈ। ਇਸੇ ਤਰ੍ਹਾਂ ਹੀ ਫਿਰ ਦੂਸਰੀ ਟੀਮ ਆ ਕੇ ਖੇਡਦੀ ਹੈ ਅਤੇ ਇਹ ਸਿਲਸਿਲਾ ਚਲਦਾ ਰਹਿੰਦਾ ਹੈ।

*

## ਅਖਾਣਾਂ

**ਚੋਲੀ ਦਾਮਨ ਦਾ ਸਾਥ ਹੋਣਾ** - ਬਹੁਤ ਗੂੜ੍ਹਾ ਤੇ ਨੇੜੇ ਦਾ ਸਾਕ (ਰਿਸ਼ਤਾ ਹੋਣਾ)।

**ਜ਼ਬਾਨ ਦਾ ਧਨੀ ਹੋਣਾ** - ਬਚਨਾਂ ਤੇ ਪੂਰਾ ਉਤਰਨਾ (ਹੋਣਾ)।

**ਜ਼ਮੀਨ ਆਸਮਾਨ ਇਕ ਕਰਨਾ** - ਬਹੁਤ ਤਲਾਸ਼ ਕਰਨਾ, ਬੇਹੱਦ ਯਤਨ ਕਰਨਾ।

**ਅਕਲ ਤੇ ਠੂਠਾ ਮੂਧਾ ਮਾਰਨਾ** - ਬੇਵਕੂਫੀ ਦੀਆਂ ਗੱਲਾਂ ਕਰਨਾ।

**ਉਲਟੇ ਛੁਰੇ ਨਾਲ ਮੁੰਨਣਾ** - ਬਹੁਤ ਬੁਰੀ ਤਰ੍ਹਾਂ ਕਿਸੇ ਨੂੰ ਲੁੱਟ ਲੈਣਾ।

**ਕੀੜੀ ਨੂੰ ਠੂਠਾ ਵੀ ਦਰਿਆ ਹੈ** - ਜਦੋਂ ਗਰੀਬ ਆਦਮੀ ਦਾ ਬਹੁਤ ਥੋੜ੍ਹਾ ਨੁਕਸਾਨ ਵੀ ਹੋਵੇ ਤਾਂ ਉਸ ਵਾਸਤੇ ਬਹੁਤ ਵੱਡਾ ਹੁੰਦਾ ਹੈ (ਤਾਂ ਇਹ ਕਹਿੰਦੇ ਹਨ)।

**ਬਖਸ਼ਾਣ ਗਏ ਨਮਾਜ਼ ਗਲ ਪੈ ਗਏ ਰੋਜ਼ੇ** - ਜਦੋਂ ਕੋਈ ਵਿਅਕਤੀ ਇਕ ਮੁਸੀਬਤ ਤੋਂ ਬਚਣ ਦੀ ਕੋਸ਼ਿਸ਼ ਕਰ ਰਿਹਾ ਹੋਵੇ, ਪਰ ਹੋਰ ਮੁਸੀਬਤ ਗਲ ਪੈ ਜਾਵੇ (ਤਾਂ ਇਹ ਕਹਿੰਦੇ ਹਨ)।

*

## ਆਓ ਹੱਸੀਏ !

**ਪਹਿਲੀ ਔਰਤ** - ਮੈਨੂੰ ਘੱਟ ਬੋਲਣ ਵਾਲੇ ਵਿਅਕਤੀ ਬਹੁਤ ਪਸੰਦ ਹਨ।

**ਦੂਸਰੀ ਔਰਤ** - "ਉਹ ਕਿਉਂ?"

**ਪਹਿਲੀ ਔਰਤ** - ਇਸ ਤਰ੍ਹਾਂ ਦੇ ਵਿਅਕਤੀਆਂ ਨਾਲ ਮੈਨੂੰ ਬੋਲਣ ਦਾ ਵੱਧ ਮੌਕਾ ਮਿਲ ਜਾਂਦਾ ਹੈ।

*

**ਭਿਖਾਰੀ** - ਭਾ ਜੀ, ਇਕ ਰੁਪਿਆ ਦੇ ਦਿਉ।

**ਲੜਕਾ** - ਇਕ ਰੁਪਏ ਵਿਚ ਕੀ ਮਿਲੇਗਾ, ਤੂੰ ਜ਼ਿਆਦਾ ਕਿਉਂ ਨਹੀਂ ਮੰਗਦਾ?

**ਭਿਖਾਰੀ** - ਭਾ ਜੀ, ਮੈਂ ਆਦਮੀ ਦੀ ਹੈਸੀਅਤ ਦੇਖ ਕੇ ਹੀ ਮੰਗ ਕਰਦਾ ਹਾਂ।

*

ਇਕ ਹੋਟਲ ਦੇ ਬਾਹਰ ਇਕ ਨੋਟਿਸ ਲੱਗਾ ਹੋਇਆ ਸੀ ਕਿ ਤੁਸੀਂ ਜੋ ਚਾਹੇ ਖਾ ਸਕਦੇ ਹਨ, ਬਿੱਲ ਦਾ ਭੁਗਤਾਨ ਆਪ ਜੀ ਦੇ ਪੋਤੇ ਕਰਨਗੇ।

ਇਹ ਪੜ੍ਹ ਦੋ ਦੋਸਤ ਹੋਟਲ ਦੇ ਅੰਦਰ ਗਏ ਤੇ ਰੱਜ ਕੇ ਖਾਣਾ ਖਾਧਾ ਤੇ ਜਦੋਂ ਤੁਰਨ ਲੱਗੇ ਤਾਂ ਵੇਟਰ ਨੇ 400 ਰੁਪਏ ਦਾ ਬਿਲ ਫੜਾ ਦਿੱਤਾ। ਉਹ ਹੈਰਾਨ ਹੋ ਕੇ ਕਹਿਣ ਲੱਗੇ ਕੇ ਬਾਹਰ ਤਾਂ ਤੁਸੀਂ ਕੁਝ ਹੋਰ ਲਿਖਿਆ ਹੋਇਆ ਹੈ। ਵੇਟਰ ਕਹਿੰਦਾ ਠੀਕ ਹੀ ਲਿਖਿਆ ਹੈ। ਅਸੀਂ ਤੁਹਾਡੇ ਪੈਸੇ ਨਹੀਂ ਮੰਗ ਰਹੇ, ਬਹੁਤ ਸਮਾਂ ਪਹਿਲਾਂ ਤੁਹਾਡੇ ਦਾਦਾ ਜੀ ਖਾਣਾ ਖਾ ਕੇ ਗਏ ਸੀ ਇਹ ਉਹ ਬਿੱਲ ਹੈ।

*

ਬੱਸ ਸਟੈਂਡ ਤੇ ਇਕ ਬੱਚਾ ਰੋ ਰਿਹਾ ਸੀ। ਕੰਡਕਟਰ ਨੇ ਪੁਛਿਆ ਬੇਟਾ ਤੂੰ ਰੋ ਕਿਉਂ ਰਿਹਾ ਹੈਂ? ਬੱਚਾ ਬੋਲਿਆ ਮੇਰੇ ਕੋਲ ਇਕ ਰੁਪਿਆ ਜੋ ਮੈਂ ਟਿਕਟ ਲੈਣ ਵਾਸਤੇ ਰੱਖਿਆ ਸੀ ਗੁੰਮ ਗਿਆ ਹੈ। ਬੇਟੇ ਕਿਥੇ ਜਾਣਾ ਹੈ? ਬੱਚੇ ਨੇ ਆਪਣੇ ਅੱਡੇ ਦਾ ਨਾਂ ਦੱਸਿਆ ਤਾਂ ਕੰਡਕਟਰ ਨੇ ਕਿਹਾ ਬੈਠ ਜਾ ਬੇਟੇ ਮੈਂ ਤੈਨੂੰ ਮੁਫ਼ਤ ਹੀ ਲੈ ਜਾਵਾਂਗਾ। ਤਾਂ ਬੱਚਾ ਝੱਟ ਬੱਸ ਵਿਚ ਬੈਠ ਗਿਆ। ਜਦੋਂ ਬੱਸ ਚੱਲੀ ਤਾਂ ਬੱਚਾ ਫਿਰ ਰੋਣ ਲੱਗ ਪਿਆ। ਕੰਡਕਟਰ ਕਹਿੰਦਾ ਹੁਣ ਕੀ ਹੋ ਗਿਆ? ਤਾਂ ਬੱਚਾ ਕਹਿੰਦਾ ਇਥੇ ਤੱਕ ਤਾਂ 30 ਪੈਸੇ ਲੱਗਣੇ ਹਨ ਬਾਕੀ 70 ਪੈਸੇ ਕਿਥੇ ਗਏ। ਬੱਚਾ ਹਿਚਕੀਆਂ ਲੈ ਰਿਹਾ ਸੀ।

**ਇੰਜੀ. ਪਰਮਿੰਦਰਜੀਤ ਸਿੰਘ, ਕੋ-ਆਡੀਟਰ**


# ਖੇਡਾਂ ਅਤੇ ਸਿੱਖ ਸੱਭਿਆਚਾਰ

ਦਰਸ਼ਨ ਸਿੰਘ

ਗੁਰਮਤਿ ਸੱਭਿਆਚਾਰ ਅਧਿਆਤਮਿਕ ਚਿੰਤਨ ਦੇ ਨਾਲ-ਨਾਲ ਸਵੱਸਥ ਮਨ ਅਤੇ ਤੰਦਰੁਸਤ ਸਿਹਤ ਸੰਭਾਲ 'ਤੇ ਵੀ ਬਰਾਬਰ ਦਾ ਬਲ ਦੇਂਦਾ ਹੈ। ਇਸ ਬਲ ਦਾ ਕੇਂਦਰੀ ਭਾਵ ਇੰਦਰੀਆਂ ਨੂੰ ਸੰਜਮ ਅਤੇ ਵੱਸ ਵਿਚ ਰੱਖਣ ਦਾ ਹੈ।

ਗੁਰੂ ਦੇ ਸਿੱਖ ਲਈ ਬਾਣੀ, ਬਾਣਾ ਅਤੇ ਜੀਵਨ ਸ਼ੈਲੀ ਨੂੰ ਸਮ-ਤੋਲ, ਸਮ-ਨਿਰਬਾਅ ਤੇ ਸਮ-ਪ੍ਰਵਾਹਅ ਬਣਾਈ ਰੱਖਣ ਲਈ ਨਿਤਨੇਮ ਕਰਨ ਤੇ ਆਪਣੇ ਆਪ ਨੂੰ ਉਸ ਨੇਮ ਵਿਚ ਦਰਸਾਏ ਗੁਣਾਂ ਅਨੁਸਾਰ ਢਾਲਣਾ ਮੰਨਿਆ ਗਿਆ ਹੈ। ਨੇਮ ਦੀਆਂ ਬਾਣੀਆਂ ਵਿਚ ਜਪੁਜੀ ਸਾਹਿਬ ਦਾ ਪ੍ਰਥਮ ਸਥਾਨ ਹੈ। ਇਸ ਇਲਾਹੀ ਬਾਣੀ ਵਿਚ ਉੱਤਮ ਮਨੁੱਖ ਲਈ ਪੰਜ ਵਿਵਸਥਾ-ਪੰਜ ਖੰਡਾਂ ਦਾ ਜ਼ਿਕਰ ਆਉਂਦਾ ਹੈ। ਇਹ ਜ਼ਿਕਰ ਮਨੁੱਖੀ ਮਾਨਸਿਕ ਵਿਕਾਸ ਦਾ ਹੀ ਜ਼ਿਕਰ ਹੈ ਜਿਨ੍ਹਾਂ ਦੇ ਆਧਾਰ ਤੇ ਆਪਣਾ ਲਕਸ਼ ਮੰਨ ਕੇ ਤੁਰਨਾ ਇਕ ਸਿਆਣੇ ਖਿਡਾਰੀ ਲਈ ਅਤੀ ਜ਼ਰੂਰੀ ਹੈ। ਇਹਨਾਂ ਖੰਡਾਂ ਵਿਚ ਸਿੱਧੇ ਰੂਪ ਵਿਚ ਅਧਿਆਤਮਿਕ ਜਗਿਆਸੂ ਲਈ ਉਸ ਪ੍ਰਭੂ ਦੀ ਪ੍ਰਾਪਤੀ ਲਈ ਗਾਡੀ ਰਾਹ ਹਨ। ਇਸੇ ਤਰ੍ਹਾਂ ਖਿਡਾਰੀ ਨੂੰ ਵੀ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਜਾਂ ਖੇਡ ਵਿਚ ਜਿੱਤ ਦੀ ਪ੍ਰਾਪਤੀ, ਦੋਵੇਂ ਬਰਾਬਰ ਦੀਆਂ ਗੱਲਾਂ ਹੀ ਬਣ ਜਾਂਦੀਆਂ ਹਨ।

ਧਰਮ ਦੀ ਵਿਵਸਥਾ ਵਿਚ ਕਰਮ ਅਤੇ ਉਸ ਦੇ ਫ਼ਲ ਪ੍ਰਾਪਤ ਕਾਰਨ ਅਤੇ ਕਾਰਜ ਦੇ ਨਿਯਮ 'ਤੇ ਵੀ ਜ਼ੋਰ ਦਿੱਤਾ ਗਿਆ ਹੈ। ਖੇਡ ਦੇ ਮੈਦਾਨ ਵਿਚ ਇਹ ਦੋਵੇਂ ਨਿਯਮ ਅਮਲੀ ਰੂਪ ਵਿਚ ਆਪਣੀ ਸਿਰਜਣਾਤਮਿਕ ਭੂਮਿਕਾ ਨਿਭਾਉਂਦੇ ਹਨ। ਖੇਡਾਂ ਵਿਚ ਖਿਡਾਰੀਆਂ ਨੂੰ ਸਫਲਤਾ ਪ੍ਰਾਪਤ ਕਰਨ ਲਈ ਜੋ ਮਿਹਨਤ ਕਰਨੀ ਪੈਂਦੀ ਹੈ, ਉਹ ਇਸ ਸੱਚ ਨੂੰ ਹੋਰ ਵੀ ਪੱਕਾ ਕਰ ਦਿੰਦੀ ਹੈ ਕਿ ਕਰਮ ਦੇ ਬਿਨਾਂ ਕਿਸੇ ਫਲ ਦੀ ਸੰਭਾਵਨਾ ਨਹੀਂ ਹੈ। ਇਸੇ ਤਰ੍ਹਾਂ ਕਾਰਨ ਅਤੇ ਕਾਰਜ ਦਾ ਨਿਯਮ ਵੀ ਖਿਡਾਰੀਆਂ ਨੂੰ ਆਪਣੀ ਕਾਰਜ-ਕੁਸ਼ਲਤਾ ਨੂੰ ਲਾਹੇਵੰਦ ਬਣਾਉਣ ਅਤੇ ਆਪਣੀਆਂ ਕਮਜ਼ੋਰੀਆਂ ਨੂੰ ਦੂਰ ਕਰਨ ਦਾ ਸੁਨੇਹਾ ਦਿੰਦਾ ਹੈ।




ਸੰਸਾਰ ਦੇ ਧਰਮਾਂ ਚਿ ਇਖ਼ਲਾਕੀ ਜੀਵਨ ਦੀ ਅਗਵਾਈ ਲਈ ਨੈਤਿਕ ਨਿਯਮਵਾਲੀਆਂ ਪੇਸ਼ ਕੀਤੀਆਂ ਗਈਆਂ ਹਨ। ਨੈਤਿਕ ਨਿਯਮਾਂ ਦੀ ਸੋਝੀ ਦੇ ਵਿਕਾਸ ਸਦਕਾ ਹੀ ਸਮਾਜ ਵਿਚ ਇਨਸਾਫ਼ ਦੇ ਸਰੋਕਾਰ ਵਿਆਪਕ ਰੂਪ ਵਿਚ ਕਾਰਜਸ਼ੀਲ ਹੁੰਦੇ ਹਨ। ਨੈਤਿਕ ਨਿਯਮਾਂ ਦੀ ਉਪਯੋਗਤਾ ਹੀ ਖੇਡ ਦੇ ਮੈਦਾਨ ਵਿਚ ਖਿਡਾਰੀਆਂ ਦਾ ਆਪਸੀ ਸਹਿਯੋਗ, ਅਨੁਸ਼ਾਸਨ ਅਤੇ ਕੁਰਬਾਨੀ ਦੇ ਗੁਣ ਲਿਆਉਂਦੀ ਹੈ। ਈਰਖਾ ਅਤੇ ਵੈਰ ਵਿਰੋਧ ਦੀ ਭਾਵਨਾ ਦੂਰ ਹੁੰਦੀ ਹੈ। ਉਹ ਚੰਗੇ ਸੱਚੇ ਸੁੱਚੇ ਅਤੇ ਅਨੁਸ਼ਾਸਿਤ ਗੁਣਾਂ ਨਾਲ ਲਿਬਰੇਜ਼ ਇਨਸਾਨ ਹੋ ਨਿਬੜਦੇ ਹਨ।

ਗਿਆਨ ਦੀ ਅਵਸਥਾ ਵਿਚ ਪਹੁੰਚ ਕੇ ਸਾਧਕ ਵਧੇਰੇ ਸਥਿਰ ਹੋਣ ਲੱਗਦਾ ਹੈ। ਜਦੋਂ ਉਹ ਆਪਣਾ ਸਾਰਾ ਜ਼ੋਰ ਲਾ ਕੇ ਅਵਗੁਣਾਂ ਦੀ ਮੈਲ ਨੂੰ ਬਹੁਤ ਹੱਦ ਤੱਕ ਧੋ ਲੈਂਦਾ ਹੈ ਤਾਂ ਉਸ ਦਾ ਮਨ ਵਧੇਰੇ ਇਕਸੁਰ ਹੋਣ ਲੱਗ ਪੈਂਦਾ ਹੈ। ਇਹ ਪ੍ਰਾਪਤੀਆਂ ਖੇਡਾਂ ਵਿਚ ਹਿੱਸਾ ਲੈਣ ਨਾਲ ਖਿਡਾਰੀਆਂ ਨੂੰ ਉਦੋਂ ਹੁੰਦੀਆਂ ਹਨ, ਜਦੋਂ ਉਹ ਆਪਣੇ ਮਿੱਥੇ ਟੀਚੇ ਦੀ ਪ੍ਰਾਪਤੀ ਲਈ ਆਪਣਾ ਸਭ ਕੁਝ ਅਰਪਣ ਕਰ ਦਿੰਦੇ ਹਨ। ਉਨ੍ਹਾਂ ਨੂੰ ਆਪਣੇ ਸੱਚੇ ਮਨ ਦੀ ਪਛਾਣ ਹੋ ਜਾਂਦੀ ਹੈ। ਮਨ ਦੇ ਭੁਲੇਖੇ ਦੂਰ ਹੋ ਜਾਂਦੇ ਹਨ ਅਤੇ ਗਿਆਨ ਦੀ ਪ੍ਰਾਪਤੀ ਅਰਥਾਤ ਉਸ ਲਈ ਜਿੱਤਾਂ ਦੇ ਦਰ ਖੁੱਲ ਜਾਂਦੇ ਹਨ।

ਵਿਗਿਆਨਕਾਂ ਅਨੁਸਾਰ ਧਰਮ ਦੇ ਅਰਥ ਯਤਨ, ਮਿਹਨਤ, ਉੱਦਮ ਤੇ ਘਾਲਣਾ ਹਨ। ਗੁਰੂ ਸਾਹਿਬ ਅਨੁਸਾਰ ਜਿਹੜੀ ਰੂਹ ਅਨੰਦ ਵਿਚ ਹੈ, ਉਹੀ ਸੁੰਦਰ ਹੈ। ਖੇਡਾਂ ਵਿਚ ਹਿੱਸਾ ਲੈ ਕੇ ਖਿਡਾਰੀ ਜੋ ਅਨੰਦ ਪ੍ਰਾਪਤ ਕਰਦੇ ਹਨ, ਉਹ ਸਰੀਰਕ ਅਤੇ ਮਾਨਸਿਕ ਸਮਰੱਥਾ ਹੀ ਨਹੀਂ ਵਧਾਉਂਦੇ ਸਗੋਂ ਉਨ੍ਹਾਂ ਦੀ ਆਤਮਾ ਨੂੰ ਵੀ ਸੁੰਦਰ ਬਣਾਉਂਦੇ ਹਨ। ਧਾਰਮਿਕ ਕਰਮ 'ਚ ਲੀਨਤਾ ਅਤੇ ਘਾਲਣਾ ਨੂੰ ਟੀਚੇ ਦੀ ਪ੍ਰਾਪਤੀ ਦਾ ਸਾਧਨ ਬਣਾਉਂਦੇ ਹਨ। ਖਿਡਾਰੀਆਂ ਨੂੰ ਪ੍ਰੇਰਨਾ ਦਿੰਦਾ ਹੈ ਕਿ ਮਿਹਨਤ ਅਤੇ ਯਤਨ ਤੋਂ ਬਿਨ੍ਹਾਂ ਸਹੀ ਮੰਜ਼ਿਲ 'ਤੇ ਪਹੁੰਚਣਾ ਕਠਿਨ ਹੀ ਨਹੀਂ, ਸਗੋਂ ਅਸੰਭਵ ਦੇ ਤੁੱਲ ਹੈ।

ਕਰਮ ਨੂੰ ਸੰਸਕ੍ਰਿਤ ਵਿਚ ਕੰਮ, ਮਜ਼ਦੂਰੀ ਅਤੇ ਚਾਕਰੀ ਮੰਨਿਆ ਜਾਂਦਾ ਹੈ। ਕਰਮ ਕਰਦਿਆਂ ਖਿਡਾਰੀ ਜਾਂ ਸਾਧਿਕ ਦੀ ਬਿਰਤੀ ਪੂਰਨ ਪੁਰਖ ਨਾਲ ਪੂਰਨ ਰੂਪ ਵਿਚ ਜੁੜ ਜਾਂਦੀ ਹੈ ਅਤੇ ਉਹ ਪ੍ਰੇਮ ਅਤੇ ਆਨੰਦ ਦੇ ਸਿਖ਼ਰ ਛੂੰਹਦਾ ਹੈ। ਉਹ ਸੰਸਾਰ ਵਿਚ ਮਹਾਨ ਕੰਮ ਕਰਨਯੋਗ ਹੁੰਦਾ ਹੈ, ਮਾਨੋਂ ਉਹ ਛਾਉਣੀ ਵਿਚ ਸਿਖਲਾਈ ਲੈਂਦਾ ਰੰਗਰੂਟ ਨਹੀਂ ਸਗੋਂ ਰਣ-ਭੂਮੀ ਵਿਚ ਜੌਹਰ ਦਿਖਾ ਰਿਹਾ ਸੂਰਮਾ ਹੈ। ਇਸੇ ਤਰ੍ਹਾਂ ਖੇਡਾਂ ਦੇ ਖੇਤਰ ਵਿਚ ਜਦੋਂ ਖਿਡਾਰੀ ਆਪਣੇ ਲਕਸ਼ ਦੀ ਪ੍ਰਾਪਤੀ ਵਿਚ ਸਮਾਅ ਜਾਂਦਾ ਹੈ, ਉਹ ਆਪਣੇ ਆਪ ਅਤੇ ਆਪਣੇ ਲਕਸ਼ ਵਿਚਕਾਰ ਫ਼ਰਕ ਮਿਟਾ ਦਿੰਦਾ ਹੈ ਅਤੇ ਲਕਸ਼ ਉਸ ਦੀ ਜ਼ਿੰਦਗੀ ਦਾ ਸਰੂਪ ਹੀ ਬਣ ਜਾਂਦਾ ਹੈ। ਇਹ ਉਹ ਸਥਿਤੀ ਹੈ, ਜਿਥੇ ਖਿਡਾਰੀ ਇਕ ਮਿਸਾਲ ਬਣ ਸਕਦਾ ਹੈ।

ਸੱਚ ਦਾ ਅਰਥ 'ਵਜੂਦ', 'ਯਥਾਰਥ', 'ਸੱਤ', ਅਤੇ 'ਅਮਲ' ਹੈ। ਸੱਚ ਸ੍ਰਿਸ਼ਟੀ ਦਾ ਮੂਲ ਹੁੰਦਾ ਹੈ। ਉਸ ਮੂਲ ਨੂੰ ਨਿਰੰਕਾਰ ਅਵਿਅਕਤ ਦਸ਼ਾ ਤੋਂ ਵਿਅਕਤ ਕਰਨ ਵਾਲਾ ਕਰਤਾ ਹੈ। ਸ੍ਰਿਸ਼ਟੀ ਨਿਰੰਕਾਰ ਦੀ ਰਚਨਾ ਹੈ। ਸੱਚ ਦੀ ਪ੍ਰਾਪਤੀ ਉਦੋਂ ਹੁੰਦੀ ਹੈ, ਜਦੋਂ ਉਹ ਵਿਅਕਤੀ ਆਪੇ ਨੂੰ ਪੂਰਨ ਤੌਰ 'ਤੇ ਨਿਰੰਕਾਰ ਨੂੰ ਅਰਪਣ ਕਰ ਦਿੰਦਾ ਹੈ। ਪ੍ਰਮਾਤਮਾ ਦੀ ਰਜ਼ਾ ਨੂੰ ਮੰਨਦਾ ਹੈ। ਆਪਣੇ ਵਿਕਾਰਾਂ ਅਤੇ ਕਮਜ਼ੋਰੀਆਂ ਨੂੰ ਦੂਰ ਕਰਦੇ ਹੋਏ ਜਪੁਜੀ ਨੂੰ ਸੇਧ ਮੰਨ ਕੇ ਇਨ੍ਹਾਂ ਨਿਯਮਾਂ ਨੂੰ ਅਮਲੀ ਰੂਪ ਦੇ ਕੇ ਸੱਚ ਦੀ ਪ੍ਰਾਪਤੀ ਅਸੀਂ ਖੇਡਾਂ ਰਾਹੀਂ ਕਰ ਸਕਦੇ ਹਾਂ।

ਜਪੁਜੀ ਰਾਹੀਂ, ਜਪੁਜੀ ਦੇ ਫ਼ਲਸਫ਼ੇ ਦੇ ਆਧਾਰ 'ਤੇ, ਜਪੁਜੀ ਦੇ ਪੰਜ ਖੰਡਾਂ ਦੀ ਰੌਸ਼ਨੀ ਵਿਚ ਕੋਈ ਖਿਡਾਰੀ ਵੀ ਜਿੱਥੇ ਆਪਣੀ ਖੇਡ ਦੀਆਂ ਉੱਚਤਮ ਪ੍ਰਾਪਤੀਆਂ ਨਾਲ ਆਪਣੇ ਆਪ ਨੂੰ ਜੋੜ ਸਕਦਾ ਹੈ, ਤਿਵੇਂ ਉਹ ਜੀਵਨ ਦੀ ਖੇਡ ਵਿਚ ਅਜਿਹੇ ਧਰਾਤਲ ਤੋਂ ਆਪਣੇ ਆਪ ਦਾ ਉਦਾਰੀਕਰਣ ਕਰ ਸਕਣ ਦੀ ਸਮਰੱਥਾ ਪੈਦਾ ਕਰ ਸਕਦਾ ਹੈ। ਇਹ ਮਾਰਗ ਵਿਅਕਤੀ ਚੰਗੇ ਮਨੁੱਖ ਦੇ ਰੂਪ ਵਿਚ ਢਾਲਣ ਲਈ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਚੰਗਾ ਖਿਡਾਰੀ ਇਨ੍ਹਾਂ ਦੀ ਰੌਸ਼ਨੀ ਵਿਚ ਕਲਿਆਣਕਾਰੀ ਚਰਿੱਤਰ ਵਾਲਾ ਵਿਅਕਤੀ ਬਣ ਸਕਦਾ ਹੈ।

ਸਿੱਖੀ ਦੀ ਨੀਂਹ ਹੀ ਮਨ ਨੂੰ ਵਿਸ਼ੇ ਵਿਕਾਰਾਂ ਅਤੇ ਵਹਿਮਾਂ-ਭਰਮਾਂ ਵਿਚ ਕੱਢਣ ਲਈ ਹੋਈ ਸੀ। ਉਪਰੰਤ ਗੁਰੂ ਅੰਗਦ ਦੇਵ ਜੀ ਦੇ ਮਨ ਦੀ ਇਕਾਗਰਤਾ ਦੇ ਨਾਲ-ਨਾਲ ਸਰੀਰ ਦੀ ਸਵੱਸਥਤਾ ਤੇ ਸਵੱਛਤਾ ਲਈ ਅਖਾੜੇ ਲਾਉਣ ਦਾ ਕਾਰਜ ਵੀ ਸ਼ੁਰੂ ਕੀਤਾ ਸੀ। ਗੱਲ ਕੀ ਸੀ, ਪਦਾਰਥਵਾਦੀ ਯੁੱਗ ਵਿਚ ਭਟਕਦੇ ਮਨ ਨੂੰ ਸ਼ਾਂਤ ਰੱਖਣ ਹਿੱਤ ਅੰਮ੍ਰਿਤ ਵੇਲੇ ਜਪੁਜੀ ਦਾ ਜਾਪ ਕਰਨਾ ਅਤਿਅੰਤ ਆਵੱਸ਼ਕ ਹੈ, ਉਵੇਂ ਹੀ ਸਰੀਰਕ ਸਵਸਥਤਾ ਲਈ ਕਸਰਤ ਕਰਨੀ, ਤਰ੍ਹਾਂ-ਤਰ੍ਹਾਂ ਦੀਆਂ ਖੇਡਾਂ ਖੇਡਣੀਆਂ ਵੀ ਓਨੀਆਂ ਹੀ ਆਵੱਸ਼ਕ ਹਨ। ਗੁਰੂ ਹਰਿਗੋਬਿੰਦ ਸਾਹਿਬ ਨੇ ਸਮੇਂ ਦੇ ਹਾਕਮਾਂ ਦੇ ਜ਼ੁਲਮ, ਜ਼ਬਰ ਨੂੰ ਦੇਖਦਿਆਂ ਮੀਰੀ-ਪੀਰੀ ਦੇ ਸਿਧਾਂਤ ਦਾ ਚਲਨ ਆਰੰਭ ਕੀਤਾ ਸੀ ਤੇ ਜ਼ੁਲਮ ਨਾਲ ਟੱਕਰ ਲੈਣ ਲਈ ਤਰ੍ਹਾਂ-ਤਰ੍ਹਾਂ ਦੀਆਂ ਖੇਡਾਂ ਜਿਵੇਂ ਤੀਰਅੰਦਾਜ਼ੀ, ਘੋੜ ਸਵਾਰੀ, ਤਲਵਾਰਬਾਜ਼ੀ, ਗੱਤਕਾਬਾਜ਼ੀ ਆਦਿ ਦਾ ਅਭਿਆਸ ਕਰਨ ਦੀ ਤਾਕੀਦ ਕੀਤੀ ਸੀ ਤਾਂ ਕਿ ਸਿੱਖ ਭਗਤੀ ਦੇ ਨਾਲ-ਨਾਲ ਮਜ਼ਬੂਤ ਇਰਾਦੇ ਨਾਲ ਜ਼ਾਲਮਾਂ ਦਾ ਹੌਂਸਲੇ ਨਾਲ ਟਾਕਰਾ ਕਰ ਸਕਣ।

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਜ਼ਾਲਮਾਂ ਨਾਲ ਕਰੜੇ ਹੱਥੀਂ ਨਿਬੜਨ ਲਈ ਸਿੱਖਾਂ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਇਨ੍ਹਾਂ ਮਜ਼ਬੂਤ ਕਰ ਦਿੱਤਾ ਕਿ ਹਰ ਕੋਈ ਸਿੰਘਾਂ ਦੇ ਨਾਮ ਤੋਂ ਹੀ ਥਰਥਰਾਂਦਾ ਸੀ। ਗੁਰੂ ਜੀ ਨੇ ਸਿੱਖ ਨੂੰ ਸੰਤ ਸਿਪਾਹੀ ਦਾ ਰੂਪ ਦਿੱਤਾ ਅਤੇ ਫੁਰਮਾਇਆ ਸੀ ਕਿ "ਸਵਾ ਲਾਖ ਸੇ ਏਕ ਲੜਾਊਂ ਤਬੈ ਗੋਬਿੰਦ ਸਿੰਘ ਨਾਮ ਕਹਾਊਂ॥" ਸਿੱਖ ਦੇ ਸੰਦਰਭ ਵਿਚ ਇਹ ਸਮਾਂ ਜਿੱਥੇ ਸਿੱਖਾਂ ਲਈ ਔਕੜਾਂ ਭਰਿਆ ਸੀ, ਉਥੇ ਗੁਰੂ ਜੀ ਵੱਲੋਂ ਹਰੇਕ ਸਿੱਖ ਨੂੰ ਗੱਤਕਾ, ਤਲਵਾਰਬਾਜ਼ੀ, ਨੇਜ਼ਾਬਾਜੀ, ਰੱਸਾਕਸ਼ੀ, ਤੀਰ ਅੰਦਾਜ਼ੀ ਜਿਹੀਆਂ ਖੇਡਾਂ ਨਾਲ ਸਰੀਰਕ ਸੁੰਦਰਤਾ ਅਤੇ ਤਕੜੇ ਜੁੱਸੇ ਵਾਲੇ ਦਰਸ਼ਨੀ ਸਿੰਘ ਬਣਾਇਆ। ਅੱਜ ਵੀ ਖ਼ਾਲਸੇ ਦਾ ਸਿਰਜਨਾ ਅਸਥਾਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਹਰ ਸਾਲ ਹੋਲਾ ਮਹੱਲਾ ਮਨਾਇਆ ਜਾਂਦਾ ਹੈ, ਜਿਸ ਵਿਚ ਨਿਹੰਗ ਸਿੰਘ ਪੁਰਾਤਨ ਖੇਡਾਂ ਦੇ ਜੌਹਰ ਦਿਖਾਅ ਕੇ ਲੋਕਾਂ ਨੂੰ ਸਰੀਰਕ ਸਵੱਸਥਤਾ ਰੱਖਣ ਦੀ ਯਾਦ ਦਿਵਾਉਂਦੇ ਹਨ।

ਖੇਡਾਂ ਨਾਲ ਆਪਸੀ ਸਾਂਝ ਮਜ਼ਬੂਤ ਹੁੰਦੀ ਹੈ ਅਤੇ ਗੁਰਬਾਣੀ ਨਾਲ ਵੀ ਇਸੇ ਤਰ੍ਹਾਂ ਦੀ ਭਾਵਨਾ ਦਾ ਪ੍ਰਚਲਨ ਹੁੰਦਾ ਹੈ ਜੋ ਕਿ ਸਹੀ ਅਰਥਾਂ ਵਿਚ ਸਵਸਥ ਸਮਾਜ ਦੀ ਕੁੰਜੀ ਆਖੀ ਜਾ ਸਕਦੀ ਹੈ। ਪੁਰਾਣੇ ਸਮਿਆਂ ਵਿਚ ਜਦੋਂ ਕੁਝ ਕੁ ਸੌ ਸਿੱਖਾਂ ਦੀ ਫ਼ੌਜ ਦਾ ਮੁਕਾਬਲਾ ਲੱਖਾਂ ਦੀ ਮੁਗ਼ਲਾਂ ਦੀ ਫ਼ੌਜ ਨਾਲ ਹੁੰਦਾ ਸੀ ਤਾਂ ਸਿੰਘਾਂ ਵੱਲੋਂ "ਚੜ੍ਹਦੀ ਕਲਾ" ਨਾਲ ਛੱਡੇ ਜੈਕਾਰਿਆਂ ਕਰਕੇ ਲੱਖਾਂ ਲੋਕ ਇਸ ਮਗਾਲਤੇ ਵਿਚ ਹੀ ਭੱਜ ਜਾਂਦੇ ਸਨ ਕਿ ਪਤਾ ਨਹੀਂ ਅੱਗੇ ਕਿੰਨੀ ਕੁ ਫ਼ੌਜ ਹੈ? ਇਸ ਸਭ ਖੇਡਾਂ ਰਾਹੀਂ ਅਨੁਸ਼ਾਸਨ ਕਾਇਮ ਰੱਖਣ ਅਤੇ ਸਿੱਖ ਵਿਚ ਖੇਡ ਸਿਖਾਂਦਰੂ ਜਿੱਤ ਦੀ ਭਾਵਨਾ ਭਰਨ ਲਈ ਹੀ ਕੀਤਾ ਜਾਂਦਾ ਸੀ।


ਜਿੱਥੇ ਖੇਡਾਂ ਨਾਲ ਸਰੀਰਕ ਬੀਮਾਰੀਆਂ ਵਿਰੁੱਧ ਲੜਨ ਦਾ ਇਰਾਦਾ ਮਜ਼ਬੂਤ ਹੁੰਦਾ ਹੈ, ਉਥੇ ਜਾਪ ਕਰਨ ਨਾਲ ਮਾਨਸਿਕ ਪ੍ਰੇਸ਼ਾਨੀਆਂ ਤੋਂ ਵੀ ਬਚਿਆ ਜਾ ਸਕਦਾ ਹੈ। ਇਕ ਅਡੋਲ ਮਨ ਹੀ ਸ਼ਾਂਤੀ ਅਤੇ ਆਨੰਦ ਦੇ ਸਮੁੰਦਰ ਵਿਚ ਗੋਤੇ ਲਗਾ ਸਕਦਾ ਹੈ। ਇਸ ਸੰਖੇਪ ਵਿਚਾਰ ਤੋਂ ਬਾਅਦ ਅਸੀਂ ਸੁਝਾਅ ਦੇਣਾ ਚਾਹੁੰਦੇ ਹਾਂ ਕਿ ਸਿੱਖਾਂ ਦੇ ਪ੍ਰਭਾਵ ਤੇ ਪ੍ਰਬੰਧ ਵਾਲੀਆਂ ਵਿਦਿਅਕ ਸੰਸਥਾਵਾਂ ਵਿਚ ਖੇਡਾਂ ਨੂੰ ਵਿਧੀਵੱਤ ਰੂਪ ਵਿਚ ਅਪਨਾਉਣਾ ਚਾਹੀਦਾ ਹੈ ਤੇ ਇਕ ਸਾਂਝੀ ਖੇਡ ਪਾਲਿਸੀ ਤਿਆਰ ਕਰਨੀ ਚਾਹੀਦੀ ਹੈ, ਜਿਸ ਦੇ ਅੰਤਰਗਤ ਨਿਯਮਤ ਸਮੇਂ ਵਿਚ ਖੇਡਾਂ ਤੇ ਸਿਮਰਨ ਲਈ ਅਭਿਆਸ ਤੇ ਅਭਿਆਸ ਕੇਂਦਰ ਬਣਾਏ ਜਾਣ ਸਿੱਖੀ ਬਾਣੇ ਤੇ ਸੱਭਿਆਚਾਰ ਦਾ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਉਚੇਚੇ ਤੌਰ 'ਤੇ ਇਨਾਮਾਂ ਨਾਲ ਸਨਮਾਨਿਆ ਜਾਵੇ ਅਤੇ ਉਹ ਆਦਰਸ਼-ਵਿਦਿਆਰਥੀਆਂ ਵਾਂਗ ਪੇਸ਼ ਕੀਤੇ ਜਾਣ।

ਅਸੀਂ ਸਮਝਦੇ ਹਾਂ ਕਿ ਜਦ ਸਿਹਤਮੰਦ ਤੇ ਸਿਮਰਨ ਅਭਿਆਸੀ ਖਿਡਾਰੀ ਸੰਜਮ ਨਾਲ ਜੁੜੇਗਾ ਤਾਂ ਨਿਸ਼ਚੈ ਹੀ ਅਸੀਂ ਉਸ ਨੂੰ ਜਪੁਜੀ ਸਾਹਿਬ ਦੇ ਪੰਜਾਂ ਖੰਡਾਂ ਵਾਲੇ ਮਾਰਗ ਵੱਲ ਤੋਰਨ ਵਿਚ ਸਫ਼ਲ ਹੋ ਜਾਵਾਂਗੇ। ਇਸ ਮੁੱਦੇ 'ਤੇ ਵੀ ਦੀਰਘ ਵਿਚਾਰ ਕੀਤੇ ਜਾਣ ਦੀ ਲੋੜ ਹੈ।

ਜੇ ਸਾਨੂੰ ਆਪਣੀ ਆਉਣ ਵਾਲੀ ਪੀੜ੍ਹੀ ਦੀ ਸਿਹਤ, ਉਸ ਦਾ ਉੱਜਲ ਭਵਿੱਖ ਅਤੇ ਉੱਤਮ ਸਿੱਖ ਪਨੀਰੀ ਪੈਦਾ ਕਰਨ ਵਿਚ ਦਿਲਚਸਪੀ ਹੈ ਤਾਂ ਸਾਨੂੰ ਸਭੇ ਨਿੱਜੀ ਮੱਤ ਭੇਦ ਛੱਡ ਕੇ ਇਸ ਲਈ ਕੁਝ ਕਰਨ ਲਈ ਸਿਰ ਜੋੜਨੇ ਹੀ ਪੈਣਗੇ।

# ਕਾਵਿ-ਕਿਆਰੀ

## ਮਨਬਚਨੀ



ਗੁਰਪੁਰੀ ਪਿਆਨਾ ਕਰ ਗਈ ਮਾਂ ਦੀ,
ਅੱਜ ਅੰਤਿਮ ਅਰਦਾਸ ਤੋਂ ਬਾਅਦ।
ਮੈਨੂੰ ਸਾਫ਼ ਸਪੱਸ਼ਟ ਹੋ ਗਿਆ,
ਘਰ ਦਾ ਸਾਰਾ ਆਦਿ ਜੁਗਾਦਿ।

ਬੀਤੇ ਵਾਂਗ ਭਵਿੱਖ ਵਿਚ ਵੀ,
ਜਦੋਂ ਜਦੋਂ ਪਿੰਡ ਆਵੇਂਗਾ।
ਕਿਸ ਨੂੰ ਮਾਂ ਤਸੱਵਰ ਕਰਕੇ,
ਵਲੂੰਧਰਿਆ ਦਿਲ ਵਿਖਾਵੇਂਗਾ।

ਮਾਂ ਦੀ ਸ਼ੁਭ ਅਸੀਸ ਲੈਣ ਲਈ,
ਜੰਨਤ ਵਰਗੇ ਪੈਰੀਂ ਪੈਣ ਲਈ।
ਬੇਬੇ ਕਹਿ ਕ੍ਰਿਨੂੰ ਬੁਲਾਵੇਂਗਾ,
ਕਿਸ ਨੂੰ ਗਲਵੱਕੜੀ ਪਾਵੇਂਗਾ।

ਇਕ ਕਦਮ ਅੱਗੇ ਤੁਰੇਂਗਾ,
ਦੋ ਪਿੱਛੇ ਮੁੜ ਆਵੇਂਗਾ।
ਪਰਛਾਵੇਂ ਨਾਲ ਸੰਵਾਦ ਰਚਾਉਂਦਾ,
ਵੱਡੀ ਸੜਕ ਚੜ੍ਹ ਜਾਵੇਂਗਾ।

ਤੇਰੇ ਲਾਹੁਏ ਵਾਂਗੂੰ ਡੋਲਦੇ ਮਨ ਨੂੰ,
ਪਿੰਡੋਂ ਕਿਸੇ ਟਿਕਾਉਣ ਨਹੀਂ ਆਉਣਾ।
ਮਾਂ ਵਾਂਗੂੰ ਬੁੱਕਲ ਵਿਚ ਲੈ ਕੇ,
ਵਰਚਾਉਣ ਸਮਝਾਉਣ ਨਹੀਂ ਆਉਣਾ।

ਇਹ ਭਰਾ ਭਰਜਾਈਆਂ ਤੇਰੇ,
ਮਤਲਬ ਲਈ ਮਾਰਨਗੇ ਗੇੜੇ
ਜਦੋਂ ਮਤਲਬ ਹੱਲ ਹੋ ਗਿਆ,
ਭੁੱਲ ਕੇ ਵੀ ਨਾ ਆਉਣਗੇ ਨੇੜੇ।

ਮਨ ਦਾ ਖਿਲਾਅ ਭਰਨ ਲਈ,
ਤੂੰ ਜਦੋਂ ਕਦੇ ਪਿੰਡ ਜਾਵੇਂਗਾ।
ਸਵਰਗ ਸਮਾਨ ਮਾਂ ਦੇ ਘਰ ਨੂੰ
ਮਾਂ ਬਿਨ ਖਾਲੀ ਪਾਵੇਂਗਾ।

ਨਤਮਸਤਕ ਹੋ; ਪਹਿਲਾਂ ਡੁਸਕ ਡੁਸਕ,
ਫਿਰ ਸਿਰ ਧਰ ਬਾਂਹ ਕੁਰਲਾਵੇਂਗਾ।
ਮਾਂ ਦਾ ਪਿਆਰ, ਮਾਂ ਦੀ ਗਲਵੱਕੜੀ,
ਇਤਿ ਬਿਧ ਹੀ, ਤੂੰ ਪਾਵੇਂਗਾ।

**ਪ੍ਰੋ. ਪ੍ਰੀਤਮ ਸਿੰਘ ਸਰਗੋਧੀਆ**
**ਪੀ.ਈ.ਐਸ.-1,**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ,**
**ਮੋ. 98153-03206**

*****

**ਗੀਤ** — **ਸੁਰਜੀਤ ਪਾਤਰ**



## ਜੁਰਮਾਨਾ

ਸਭ ਚੀਂ ਚੀਂ ਕਰਦੀਆਂ ਚਿੜੀਆਂ ਦਾ।
ਸਭ ਕਲ ਕਲ ਕਰਦੀਆਂ ਨਦੀਆਂ ਦਾ।
ਸਭ ਸ਼ਾਂ ਸ਼ਾਂ ਕਰਦੇ ਬਿਰਖਾਂ ਦਾ
ਆਪਣਾ ਹੀ ਤਰਾਨਾ ਹੁੰਦਾ ਹੈ।
ਪਰ ਸੁਣਿਆਂ ਹੈ ਇਸ ਧਰਤੀ ਤੇ
ਇਕ ਐਸਾ ਦੇਸ਼ ਵੀ ਹੈ
ਜਿਸ ਅੰਦਰ
ਬੱਚੇ ਜੇ ਆਪਣੀ ਮਾਂ ਬੋਲੀ ਬੋਲਣ
ਜੁਰਮਾਨਾ ਹੁੰਦਾ ਹੈ।

ਤੇ ਹੋਰ ਸਿਤਮ
ਕਿ ਮਾਂ ਆਖੇ :
ਚਲ ਕੋਈ ਨਹੀਂ
ਜੇ ਮੇਰੇ ਬੋਲ ਵਿਸਾਰ ਕੇ ਵੀ
ਮੇਰੇ ਪੁੱਤ ਨੂੰ ਅਹੁਦਾ ਮਿਲ ਜਾਵੇ
ਤਾਂ ਵੀ ਇਹ ਸੌਦਾ ਮਹਿੰਗਾ ਨਹੀਂ।

ਤੇ ਬਾਪ ਕਹੇ :
ਚਲ ਠੀਕ ਹੀ ਹੈ।
ਜੇ ਏਥੇ ਏਸ ਸਕੂਲ ਚ ਹੀ
ਜੁਰਮਾਨਾ ਦੇ ਕੇ ਛੁੱਟ ਜਾਈਏ।
ਜੀਵਨ ਜੁਰਮਾਨਾ ਨਾ ਹੋਵੇ।

ਉਹ ਦੇਸ਼ ਨਿਕਰਮਾ ਸਾਡਾ ਹੈ।
ਉਹ ਧਰਤ ਨਿਮਾਣੀ ਏਹੀ ਹੈ।
ਤੇ ਉਹ ਪਤਵੰਤੇ ਦਾਨਿਸ਼ਵਰ
ਉਹ ਨੇਤਾ, ਰਹਿਬਰ ਤੇ ਸ਼ਾਇਰ
ਉਹ ਅਸੀਂ ਹੀ ਹਾਂ।
ਜਿੰਨ੍ਹਾ ਦੇ ਹੁੰਦਿਆਂ ਇਹ ਹੋਇਆ।
ਜਾਂ ਜਿੰਨ੍ਹਾ ਕਰਕੇ ਇਹ ਹੋਇਆ।
ਕਿ ਭੋਲੇ ਮਾਪਿਆਂ ਦੇ ਦਿਲ ਤੇ
ਨਿਰਮੋਹੀ ਇਬਾਰਤ ਲਿਖੀ ਗਈ।

ਤੇ ਹੌਲੀ ਹੌਲੀ ਇਹ ਹੋਇਆ
ਮੇਰੀ ਬੋਲੀ ਦੇ ਕਈ ਲਫ਼ਜ਼ ਜਿਵੇਂ
ਲੱਜਿਤ ਜਿਹੇ ਹੋ ਕੇ ਪਹਿਲਾਂ ਤਾਂ
ਦਰਵਾਜ਼ਿਓਂ ਬਾਹਰ ਖੜ੍ਹੇ ਰਹੇ।
ਫਿਰ ਸੇਜਲ ਨੈਣ ਨਿਵਾ ਆਪਣੇ
ਨਾ ਜਾਣੇ ਕਿੱਧਰ ਚਲੇ।

**ਪੇਸ਼ਕਸ਼: ਪ੍ਰੋ: ਜਸਪਾਲ ਘਈ**
**ਫੀਰੋਜ਼ਪੁਰ**

# ਦਿਲ ਲਈ ਚੰਗੀ ਹੈ ਕਾਲੀ ਚਾਹ



ਦਿਲ ਨੂੰ ਠੀਕ ਰੱਖਣਾ ਹੈ ਤਾਂ ਰੋਜ਼ਾਨਾ ਘੱਟੋ-ਘੱਟ 3 ਕੱਪ ਕਾਲੀ ਚਾਹ ਪੀਓ। ਇਹੋ ਨਹੀਂ, ਕਾਲੀ ਚਾਹ ਪੀਣ ਨਾਲ ਕਈ ਤਰ੍ਹਾਂ ਦੇ ਕੈਂਸਰ ਤੋਂ ਵੀ ਵਿਅਕਤੀ ਦਾ ਬਚਾਅ ਹੁੰਦਾ ਹੈ। ਖੋਜੀਆਂ ਨੇ ਕਿਹਾ ਹੈ ਕਿ ਇਸ ਦੇ ਲਈ ਫਲੇਵੋਨਾਇਡਸ ਨਾਂ ਦੇ ਐਂਟੀ-ਆਕਸੀਡੈਂਟਸ ਜ਼ਿੰਮੇਵਾਰ ਹੁੰਦੇ ਹਨ। ਇਹ ਚਾਹ ਵਿਚ ਲੋੜੀਂਦੀ ਮਾਤਰਾ ਵਿਚ ਮਿਲਣ ਵਾਲੇ ਰਸਾਇਣ ਹਨ ਜੋ ਕੋਸ਼ਿਕਾਵਾਂ ਨੂੰ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਤੋਂ ਬਚਾਉਂਦੇ ਹਨ। ਇਹ ਦੰਦਾਂ ਦੇ ਐਨਾਮੇਲ ਨੂੰ ਘਿਸਣ ਤੋਂ ਬਚਾਉਣ ਦੇ ਨਾਲ ਹੀ ਹੱਡੀਆਂ ਨੂੰ ਵੀ ਮਜ਼ਬੂਤ ਰੱਖਦੇ ਹਨ।

ਪਬਲਿਕ ਹੈਲਥ ਨਿਊਟ੍ਰੀਸ਼ਨਿਸਟ ਡਾਕਟਰ ਕੈਰੀ ਰਕਸਟਨ ਵਲੋਂ ਕੀਤੀ ਗਈ ਇਸ ਖੋਜ ਵਿਚ ਦੇਖਿਆ ਗਿਆ ਕਿ ਰੋਜ਼ਾਨਾ 3 ਕੱਪ ਕਾਲੀ ਚਾਹ ਪੀਣ ਨਾਲ ਬਹੁਤ ਫਾਇਦਾ ਹੁੰਦਾ ਹੈ। ਹਾਲਾਂਕਿ ਇਹ ਮੰਨਿਆ ਜਾਂਦਾ ਹੈ ਕਿ ਚਾਹ ਪੀਣ ਨਾਲ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ ਪਰ ਕਈ ਅਧਿਐਨਾਂ ਵਿਚ ਦੇਖਿਆ ਗਿਆ ਹੈ ਕਿ ਚਾਹ ਪੀਣ ਵਾਲਿਆਂ ਦੇ ਲੱਕ ਦੀਆਂ ਹੱਡੀਆਂ ਟੁੱਟਣ ਦਾ ਮਾਮਲਾ ਬਹੁਤ ਘੱਟ ਹੁੰਦਾ ਹੈ। ਚਾਹ ਵਿਚ ਦੁੱਧ ਜ਼ਿਆਦਾ ਮਾਤਰਾ ਵਿਚ ਪਾ ਕੇ ਪੀਣ ਵਾਲੀਆਂ ਔਰਤਾਂ ਦੇ ਸਰੀਰ ਵਿਚ ਕੈਲਸ਼ੀਅਮ ਵੀ ਜ਼ਿਆਦਾ ਮਾਤਰਾ ਵਿਚ ਹੁੰਦਾ ਹੈ। ਫਲਾਂ-ਸਬਜ਼ੀਆਂ ਵਾਂਗ ਹੀ ਕਾਲੀ ਚਾਹ ਵਿਚ ਵੀ ਸ਼ਕਤੀਸ਼ਾਲੀ ਐਂਟੀ-ਆਕਸੀਡੈਂਟਸ ਹੁੰਦੇ ਹਨ, ਜੋ ਦਿਲ ਦੀਆਂ ਬੀਮਾਰੀਆਂ ਤੋਂ ਬਚਾਉਂਦੇ ਹਨ। ਇਹ ਐਂਟੀਆਕਸੀਡੈਂਟਸ ਅੰਤੜੀਆਂ ਵਿਚ ਨੁਕਸਾਨਦੇਹ ਜੀਵਾਣੂਆਂ ਨੂੰ ਪੈਦਾ ਹੋਣ ਤੋਂ ਰੋਕਦੇ ਹਨ।

## ਕੈਨੇਡਾ ਦਾ ਅਨੋਖਾ ਹੋਟਲ, ਜਿੱਥੇ ਟਾਇਲਟ ਸੀਟਾਂ 'ਚ ਪਰੋਸਿਆ ਜਾਂਦੈ ਖਾਣਾ



**ਓਟਾਵਾ/ ਬਿਓਰ** - ਕੈਨੇਡਾ ਦੇ ਇੱਕ ਅਖਬਾਰ ਦੀ ਖਬਰ ਅਨੁਸਾਰ ਕੈਨੇਡਾ ਵਿਚ ਇਕ ਅਨੋਖਾ ਹੋਟਲ ਖੋਲ੍ਹਿਆ ਗਿਆ ਹੈ, ਜਿੱਥੇ ਲੋਕ ਟਾਇਲਟ ਵਰਗੀਆਂ ਸੀਟਾਂ 'ਤੇ ਬੈਠ ਕੇ ਉਸੇ ਆਕਾਰ ਦੇ ਬਰਤਨਾਂ ਵਿਚ ਪਰੋਸਿਆ ਹੋਇਆ ਭੋਜਨ ਖਾਂਦੇ ਹਨ।

ਇਹ ਹੋਟਲ ਲਿਏਨ ਨਗੁਏਨ ਨੇ ਖੋਲ੍ਹਿਆ ਹੈ। ਨਗੁਏਨ ਦੇ ਦਿਮਾਗ ਵਿਚ ਇਹ ਵਿਚਾਰ ਉਸ ਸਮੇਂ ਆਇਆ ਸੀ, ਜਦੋਂ ਉਹ ਤਾਈਵਾਨ ਵਿਖੇ ਆਪਣੀ ਮਾਂ ਨੂੰ ਮਿਲਣ ਗਈ ਸੀ। ਇਸ ਦੌਰਾਨ ਉਹ ਇਕ ਹੋਟਲ ਵਿਚ ਗਈ, ਜਿੱਥੇ ਇਸ ਤਰ੍ਹਾਂ ਟਾਇਲਟ ਸੀਟਾਂ ਵਰਗੇ ਬਰਤਨਾਂ ਵਿਚ ਲੋਕਾਂ ਨੂੰ ਭੋਜਨ ਅਤੇ ਹੋਰ ਚੀਜ਼ਾਂ ਪਰੋਸੀਆਂ ਜਾਂਦੀਆਂ ਸਨ। ਲਿਏਨ ਨੂੰ ਇਹ ਵਿਚਾਰ ਕਾਫੀ ਵਧੀਆ ਲੱਗਾ। ਕੈਨੇਡਾ ਆ ਕੇ ਲਿਏਨ ਨੇ ਵੀ ਇਕ ਅਜਿਹਾ ਹੋਟਲ ਖੋਲ੍ਹਣ ਬਾਰੇ ਸੋਚਿਆ। ਉਸ ਨੇ ਕਿਹਾ ਕਿ ਇਹ ਸੋਚ ਅਤੇ ਕਲਪਨਾ ਦੀ ਹੱਦ ਹੈ।

ਲਿਏਨ ਆਪਣੇ ਹੋਟਲ ਵਿਚ ਥਾਈ, ਜਾਪਾਨੀ, ਕੋਰੀਅਨ ਖਾਣਾ ਅਤੇ ਆਈਸ ਕ੍ਰੀਮ ਪਰੋਸਦੀ ਹੈ। ਇਹ ਸਭ ਟਾਇਲਟ ਸੀਟਾਂ ਦੇ ਆਕਾਰ ਦੇ ਬਰਤਨਾਂ ਵਿਚ ਹੁੰਦਾ ਹੈ। ਲੋਕ ਇਸ ਹੋਟਲ ਨੂੰ ਇਸ ਦੇ ਅਨੋਖੇਪਨ ਕਰਕੇ ਦੇਖਣ ਆਉਂਦੇ ਹਨ। ਉਹ ਚੀਜ਼ ਸ਼ਾਇਦ ਖਾਂਦੇ ਸਮੇਂ ਜਿਸ ਬਾਰੇ ਤੁਸੀਂ ਗੱਲ ਕਰਨਾ ਵੀ ਪਸੰਦ ਨਹੀਂ ਕਰਦੇ, ਉਸੇ ਮਾਹੌਲ ਵਿਚ ਬੈਠ ਕੇ ਭੋਜਨ ਕਰਨਾ ਇਕ ਅਨੋਖਾ ਅਨੁਭਵ ਹੈ। ਲੋਕ ਇਸ ਹੋਟਲ ਨੂੰ ਕਾਫੀ ਪਸੰਦ ਕਰ ਰਹੇ ਹਨ।

# DR. SARJIT SINGH A STALWART TO REMEMBER



**"JO Roohayen Mehfilay Yaran Hon**
**Mehfil Say Naheen Jaatay**
**Chlay Jaatay hain Duniya Say**
**Magar Dil Say Naheen Jaatay**

Dr. Sarjit Singh, youngest of the four brothers Late Dr. Pritam Singh, Dr. (Brigadier) Daljitam Singh, Principal Sarwan Singh was quite hale and hearty getting ready to go his Clinic when in his own house at Weirton USA on the fareful day on 22 December 2016, he developed sudden Cardiac Arrest and lay down in eternal peace "What a tragic, unexpected and unforgettable end of life at 77"

Son of Bibi Karam Kaur and Captain Sher Singh, he was the youngest of the six siblings. He grew up in Begowal Distt. Kapurthala. Punjab with initial schooling in Tanda Urmar, Distt-Hoshiarpur. He completed FSc at the Punjab University College, Hoshiarpur and then joined MBBS at medical College Amritsar. Garduating in 1962. After completing a house job in medicine, he joined MD at same institution in 1963 and cleared in 1967. He was an illustrious member of the faculty of internal medicines at Medical College V.J. Hospital Amritsar between 1963 and 1974, first as Registrar and then as Senior Lecturer. In between he went to USA to train in Neurology at the State University of New York, Buffalo and the World famous Massachusetts Hospital, affiliated with Harvard University in Boston, for three years. He returned to America in 1975 and established flourishing practice of neurology in Weirton, West Virginia, USA.

Sarjit Singh, MD Milesstone:-

Born - November 1, 1939

Died - December 22, 2016

1963 - House physician Medicines in V.J. Hospital and Medical College Amritsar.

1964-1967 - Registrar in Medcine V.J. Hospital and Medical College Amritsar

1968-1969 - Senior Lecturer in Medcine V.J. Hospital and Medical College Amritsar

1975-2016 - Practising Neurologist Weirton, WV, USA.

1975-2016 Assistant Professor in Medicine, University Pittsburg USA.

1992-1998 - Chairman and member, West Virginia Board of Medicine

1992 - National Democrative Committee Board and Trustee-members

1991 - Most distinguished West Virginia a rare honor indeed.

1991 - International Mother India Award

1991-2016 - Americal Association of Physician from India-President, Chairman of Trust and Senior Advisor.

1990s - Preisdnet of Medical Staff, trinity Hospital, Weirton, MV

1983-2016 - Amritsar Medical and Dental Alumni Association of North America President, Chairman of Trust and Senior Advisor (AMDAANA)

2015 - Inducted into the Hall of Fame "Weirton.

Senior Advisor at Amritsar, he established himself as a great teacher. His students still rember the wisdom pearls he gave them-together with that famous look of rolling his eyes up above the top of the rim of glasses and "Chidkan" that only comes from someone who really cares about you. Sarjit distinguished himself during neurology traning in Buffalo and Boston. When he settled down to practice Neurology in Weirton he kept his curiosity and academic streak alive during research at UPMC He was Pioneer, being the first to bring a CT scanner at Weirton, even before the Hospital.

Sarjit attained great heights in his professional carrier, He was Chief of Staff both local hospital and the President and Member of the West Virginia State Medical Board. Sarjit was a natural leader with commanding presence and big thinking, when he took up managing AMDAANA-Amritsar Medical and Dental Alumni Association of North America, he set a new standard for the future meetings. He took over prosperous AAPI (American Association Physician from India) and put it on the National map. He convinced AMDAANA to join AAPI to support the Kartarpur dispensary. From a mere dispensary located in double storey house to a four storey Hospital with modern facilties and services and a vocational Computer Centre to boot. He worked for both organizations till the very end was the main pillar of their foundation. He was large hearted kind and sensitive to lesser fortunate people's plight. A lifelong Rotarian, he donated generously to many community causes and helped many lives positively.

During his prudential tenure of AAPI 1991-1992 he was able to establishen free medical charitable dispensaries in various remote villages of India which are being financially supported by AAPI Charitable Foundation. Million and millions of poor and needy are being benefitted by this health care scheme.

He was an impact player who left his mark everywhere he went and lived life to its fullest. The following quote from Oscar Wild aptly describes his life. "To live is the rarest thing in World . Most People just exist".

He was great husband, father, grandmother, friend and an avid golfer. He is survived by his wife Ranjeet, Son Satveer Singh, Daughter-in-law Shalu, Grand children-Shiraj and Simreen, Brothers Brig. Daljitam Singh and Principal Sarwan Singh numerous nephews, nieces, grandnephews and grand nieces. "Tu naheen lekin teree Ulfat abhi tak dil mein hai Bujh chukee hai shamae, phir bhee roshnee mehfil mein hai".

**DR. (BRIG) DALJITAM SINGH]**
**MBBS DA MS FAMS**

# ਭੁੱਲ ਦੀ ਸੋਧ

ਜੁਲਾਈ ਮਹੀਨੇ ਦੇ ਮੈਗਜ਼ੀਨ ਦੇ ਅੰਕ ਵਿਚ ਪੰਨਾ ਨੰ.-10 ਵਿਚ ਚੋਣਵਾਂ ਸਿੱਖ ਇਤਿਹਾਸ ਦੇ ਲੇਖ ਵਿਚ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦੀ ਉਮਰ 68 ਸਾਲ ਦੀ ਥਾਂ 8 ਸਾਲ ਪੜ੍ਹੀ ਜਾਵੇ ਅਤੇ ਪੰਨਾ ਨੰ.-11 ਵਿਚ ਛੇ ਗੁਰੂਆਂ ਦੇ ਨਾਮ ਵਿਚ ਗੁਰੂ ਗੋਬਿੰਦ ਸਿੰਘ ਦੀ ਥਾਂ ਗੁਰੂ ਤੇਗ ਬਹਾਦੁਰ ਪੜ੍ਹਿਆ ਜਾਵੇ। ਗੁਰਦੁਆਰਾ ਸ੍ਰੀ ਹਰਿਮੰਦਰ ਸਾਹਿਬ ਦੀ ਥਾਂ ਕੇਵਲ ਸ੍ਰੀ ਹਰਿਮੰਦਰ ਸਾਹਿਬ ਪੜ੍ਹਿਆ ਜਾਵੇ।

**ਹਰਦਿਆਲ ਸਿੰਘ ਘੋਤੜਾ**
**ਵਿੱਤ ਸਕੱਤਰ**

# Pre-Matric, Post-Matric and Merit-cum-Means based scholarship
# Schemes 2017-18

Online Applications are invited form the students belonging to six minority communities notified by the Government of India for availing three scholarships schemes viz. Pre-Matric, Post-Matric and Merit-cum-Means based scholarship schemes for the year 2017-18. The applicant should belong to any one from the notified minority communities' viz. Muslims, Christ, Sikhs, Buddhists, Zoroastrians (Parsis) and jains. Timeline activities as under:-

| | |
|---|---|
| Submissions of online applications for fresh (First time applicant) scholarship by students) | 1st June to 31st August 2017 |
| Submission of online applications for renewal (Applicant who have got scholarship during 2016-17) scholarship by students. | 1st June to 31 July 2017 |

Eligibility criteria and instructions are available on the website www.scholarships.gov.in Or www.minorityaffairs.gov.in

**Eligibility:-**

1. The applicant should belong to any one from the notified minority communities viz. Muslims, Christ, Sikhs, Buddhists, Zoroastrians (Parsis) and Jains.
2. Pursuing students in India in Government or Private universities/Institutes/colleges/ schools.
3. The course being pursued is of one or more years.
4. The applicant should have secured 50% marks in the last annual board class examination.

**Instructions:-**

1. Applicants are advised to apply online against any one of the scholarship schemes on the website National scholarship portal at: - www.scholarships.gov.in (a link to the site is also available www.minorityaffairs.gov.in).
2. Detailed instructions for filling in online application and frequently asked questions (FAQ's) are available on the National scholarship portal homepage.
3. Applicant is advised to give only that bank account details which remains in active mode or compliable as per bank instructions so that payment of scholarship does not fail. For universities/institutes/college/schools.
4. All universities/institutes/colleges/schools where a minority student is studying should go themselves registered (if not done earlier) on National Scholarship Portal by October 2017.

**(Jagir Singh Lalia)**

**President**

# GRANT OF MERIT, MERIT-CUM-MEANS SCHOLARSHIP SCHEME 2017-18

| Sr No | Sub Sr. No. | Board Or University In Which Studying | Courses & Class | Min Pass % age | Annual Income Parents/ Guardian | No. of Scholarship | Amt. o Schola (In Rs.) |
|---|---|---|---|---|---|---|---|
| 1 | A | | $9^{th}$ & $10^{th}$ (Based on the result of $8^{th}$ Class) | 75 | 3 Lac | 30 | 500 |
| 2 | B | Matric (Board Exam) | 10+1 & 10+2, I.T.I., Nursing Certificate, Craft Certificate or equivalent | 75 | 3 Lac | 30 | 500 |
| | C | Senior Secondary | B.Sc/B.A/B.Com (I, II&III), B.C.A., B.B.A. (I, II&III), B.Sc Agriculture/Nursing, Poly Tech Diploma, B. Pharmacy, Nursing Diploma, Health care/Fashion Design / B.A. LLB 5 years, Finance/ Hotel management (Diploma) or equivalent | 75 | 3 Lac | 20 | 500 |
| | D | B.A./B.sc/ B.Com (University) | M.Sc.,MA/ M.Com (I&II), B.Ed, L.L.M, M.B.A., M.C.A., Hotel Mgt (Degree), P.G.D.C.A., Computer Sc. Programme, M Pharmacy, M.Ed. M.Sc Nursing | 75 | 3 Lac | 10 | 1000 |
| | E | Senior Secondary* (Board Exam) and subsequent semester | B.E. - (I to iV), IIT, BVSC, AH, BE/B.Tech, (I to IV), IIT, BDS, MBBS ,BAMS, BHMS, or selected in Entrance test | 75 | 3 Lac | 10 | 1500 |
| | F | Graduation Degree * | M. Tech., I.I.M. * selected in entrance test of Professional courses. | 75 | 3 Lac | 5 | 1500 |
| 3 | A | Misce-Laneous Compassion Basis | Wards of Soldiers died in War/ Insurgency against militancy and handicapped Parents/ Students (to be decided by the Committee). | --- | ----- | Lump Sum | 10000 |

Application Regd. No.__________

# Baba Makhan Shah Lobana Foundation (Regd.)

**Sector-30-A, Chandigarh-160030 Phone: - 0172-2657340**

Affix Passport Size Photo

## APPLICATION FORM

**Merit, Merit Cum-Means Scholarship for Academic Year-2017-2018**

1. Name of Applicant____________________________________________________
   (In Block Letters)
2. i) Father's Name:- ______________________________________________________________
   ii) Mother's Name: - ________________________________________________________
   ii) Occupation __________________________________________
3. Caste ___________________________________________________
4. Address for Correspondence :- Village :- ____________________ Post office :- ______________________
   Police Station:-___________________ Tehsil :-__________________________________
   Distt-:-__________________ Pin Code: _________________
5. Permanent Address :-_______________________________________________________________
   Contact No. - Mobile: _______________________ STD Code: - ___________Landline No.____________
   E-mail-___________________________________________________________
6. Class in which studying_______________________________________________
7. Past performance and merit in the school/board/ university:

| Class | Board/University | Year of Passing | % (Percentage) | Remarks |
|---|---|---|---|---|
| | | | | Indicate Board/University Examination (Attach Mark Sheet) |
| | | | | Indicate Board/University Examination only (Attach Mark Sheet) |
| | | | | For Merit Scholarship only. (85% and above marks) |

1. Were you granted scholarship last year : Yes/No

If Yes, Amount of Scholarship received (last year) ______________ Class ____________

2. i) Annual income of Parents/ Guardians in Rs. ______________ p.a.

ii) Attach income certificate from the employer (mandatory)

iii) Land holding to be verified by revenue officer from his office record.

iv) Income verified by the Sarpanch and counter signed by BDPO/ Executive Committee Member of BMSL Chandigarh

10. Signatures a) Student: _____________________ dated __________

b) Father-Guardian _________________ dated __________

11. Name of the Bank ____________________________________________ Place:-_____________________

Account Holder's Name ______________________________________________________________

Bank Account No. ________________________________________IFSC Code: - _____________________

12. Identity Document: - Aadhaar Card

Aadhaar Card No.______________________________________________

Note: - List of documents to be attached with application:-

i) Self attested photocopy of mark sheet

ii) Self attested any other educational document, if any

13 Certificate of the Head of the institution :

Certified that the applicant is a regular student of class ______________ in this school/ college and particulars as shown above are correct

Place: - Signature __________________

Dated: - Name _____________________

Designation Stamp/Seal

1. Certify that the above facts stated are correct & true to my knowledge.

Recommended by the Executive Committee Member of the region with designation, address and Membership Number of BMSL, Chandigarh.

Official seal

Signature ________________

Name in capital letters

## FOR OFFICE USE ONLY

i) Date of application received _________________________

ii) No. of enclosures with the application ________________

iii) Completion/ correctness of the applicant

Verified by Manger

iv) Signature of the Convener

**Manager** **Convener**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਨੂੰ ਦਾਨ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 1-8-2017 ਤੋਂ 31-8-2017

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਜਗਮੋਹਨ ਸਿੰਘ<br>ਮਕਾਨ ਨੰ.-390, ਸੈਕਟਰ-16, ਪੰਚਕੂਲਾ | 1000/- | ਐਚ-9118 | 08-08-2017 |
| 2. | ਗੁਪਤ ਦਾਨ | 500/- | ਐਚ-9120 | 16-08-2017 |
| 3. | ਪੰਡਤ ਰਾਮ ਕੁਮਾਰ ਕੈਨਟੀਨ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ | 500/- | ਐਚ-9121 | 16-08-2017 |
| 4. | ਸ. ਗੁਰਬਚਨ ਸਿੰਘ, ਸੀਨੀਅਰ ਮੈਨੇਜਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ | 200/- | ਐਚ-9123 | 16-08-2017 |
| 5. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ<br>ਜਨਰਲ ਸਕੱਤਰ, ਮਕਾਨ ਨੰ.-2218, ਸੈਕਟਰ-38 ਸੀ, ਚੰਡੀਗੜ੍ਹ | 1100/- | ਐਚ-9124 | 16-08-2017 |
| 6. | ਸ. ਹਰਦਿਆਲ ਸਿੰਘ ਘੋਤੜਾ<br>ਵਿੱਤ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ | 200/- | ਐਚ-9125 | 16-08-2017 |
| 7. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.)<br>ਮੀਤ ਪ੍ਰਧਾਨ, ਹੈੱਡਕੁਆਰਟਰ ਮਕਾਨ ਨੰ.-3405, ਸੈਕਟਰ-40 ਡੀ, ਚੰਡੀਗੜ੍ਹ | 200/- | ਐਚ-9126 | 16-08-2017 |
| 8. | ਸ. ਗੁਰਬਚਨ ਸਿੰਘ, ਸੈਕਟਰ-47, ਚੰਡੀਗੜ੍ਹ | 100/- | ਐਚ-9127 | 16-08-2017 |
| 9. | ਸ. ਹਰੀ ਸਿੰਘ, ਚੰਡੀਗੜ੍ਹ | 200/- | ਐਚ-9128 | 16-08-2017 |
| 10. | ਸ. ਅਮਰਜੀਤ ਸਿੰਘ, ਫੇਸ-7, ਮੋਹਾਲੀ | 200/- | ਐਚ-9129 | 16-08-2017 |
| 11. | ਸ. ਐਨ.ਪੀ. ਸਿੰਘ, ਚੰਡੀਗੜ੍ਹ | 200/- | ਐਚ-9130 | 16-08-2017 |
| 12. | ਸ. ਪ੍ਰੀਤਮ ਸਿੰਘ, ਭੁਪਾਲ | 100/- | ਐਚ-9131 | 16-08-2017 |
| 13. | ਸ. ਗੁਰਚਰਨ ਸਿੰਘ ਪਾਲੀਆ, ਚੰਡੀਗੜ੍ਹ | 200/- | ਐਚ-9132 | 16-08-2017 |
| 14. | ਸ. ਸੁਰਿੰਦਰ ਸਿੰਘ<br>ਮਕਾਨ ਨੰ.-3040, ਸੈਕਟਰ-47 ਡੀ, ਚੰਡੀਗੜ੍ਹ | 200/- | ਐਚ-9133 | 16-08-2017 |
| 15. | ਸ. ਜਗੀਰ ਸਿੰਘ ਲਾਲੀਆ ਪ੍ਰਧਾਨ<br>ਮਕਾਨ ਨੰ.-1838, ਫੇਸ-7, ਮੋਹਾਲੀ | 500/- | ਐਚ-9134 | 16-08-2017 |

| | | | | |
|---|---|---|---|---|
| 16. | ਸ. ਨਿਰਮਲ ਸਿੰਘ, ਮੇਨਟੇਨਸ ਸਕੱਤਰ | 200/- | ਐਚ-9135 | 16-08-2017 |
| | ਮਕਾਨ ਨੰ.-2254, ਫੇਸ-10, ਮੋਹਾਲੀ | | | |
| 17. | ਸ. ਰਾਜਪਾਲ ਸਿੰਘ, ਮਨੀਮਾਜਰਾ | 200/- | ਐਚ-9136 | 16-08-2017 |
| 18. | ਸ. ਅਮਰਜੀਤ ਸਿੰਘ | 500/- | ਐਚ-9137 | 16-08-2017 |
| | ਮਕਾਨ ਨੰ.-42, ਸੈਕਟਰ-16-ਏ, ਚੰਡੀਗੜ੍ਹ | | | |
| 19. | ਸ. ਹਰਿੰਦਰ ਸਿੰਘ, ਮੋਹਾਲੀ | 200/- | ਐਚ-9138 | 16-08-2017 |
| 20. | ਸ. ਗਿਆਨ ਸਿੰਘ ਮੁਲਤਾਨੀ | 200/- | ਐਚ-9139 | 16-08-2017 |
| | ਮਕਾਨ ਨੰ.-42, ਸੈਕਟਰ-16-ਏ, ਚੰਡੀਗੜ੍ਹ | | | |
| 21. | ਸ ਹਰਭਜਨ ਸਿੰਘ, ਡੀ.ਆਈ.ਜੀ. (ਰਿਟਾ.), | 500/- | ਐਚ-9140 | 16-08-2017 |
| | ਜ਼ੀਰਕਪੁਰ | | | |
| 22. | ਕਮਾਂਡਰ ਜੋਗਿੰਦਰ ਸਿੰਘ | 500/- | ਐਚ-9141 | 16-08-2017 |
| | ਮਕਾਨ ਨੰ.-2068, ਫੇਸ-11, ਮੋਹਾਲੀ | | | |
| 23. | ਗੁਪਤ ਦਾਨ | 100/- | ਐਚ-9142 | 16-08-2017 |
| 24. | ਸ. ਕੁਲਬੀਰ ਸਿੰਘ ਅਤੇ | 5000/- | ਐਚ-9143 | 18-08-2017 |
| | ਸਰਦਾਰਨੀ ਮਨਜਿੰਦਰ ਕੌਰ | 5000/- | ਐਚ-9143 | 18-08-2017 |
| | ਮਕਾਨ ਨੰ.-590, ਫੇਸ-1, ਮੋਹਾਲੀ | | | |
| 25. | ਸ. ਸੇਵਾ ਸਿੰਘ, ਮੁਕੇਰੀਆਂ | 500/- | ਐਚ-9144 | 19-08-2017 |


## ਡਰਾਮਾ ਐਂਡ ਸਾਊਂਡ

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਹਿੰਮਤ ਸਿੰਘ | 5000/- | ਐਚ-9921 | 22-08-2017 |
| | ਮਕਾਨ ਨੰ.-2051, ਸੈਕਟਰ-21, ਚੰਡੀਗੜ੍ਹ | | | |
| 2. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ | 10000/- | ਐਚ-9922 | 22-08-2017 |
| | ਜਨਰਲ ਸਕੱਤਰ, ਮਕਾਨ ਨੰ.-2218, ਸੈਕਟਰ-38 ਸੀ, ਚੰਡੀਗੜ੍ਹ | | | |
| 3. | ਸ. ਸੁਖਿੰਦਰ ਸਿੰਘ ਪੇਲੀਆ | 7000/- | ਐਚ-9923 | 22-08-2017 |
| | ਮਕਾਨ ਨੰ.-2218, ਸੈਕਟਰ-38 ਸੀ, ਚੰਡੀਗੜ੍ਹ | | | |
| 4. | ਸ. ਬਲਵਿੰਦਰ ਸਿੰਘ ਮੁਲਤਾਨੀ | 5000/- | ਐਚ-9924 | 22-08-2017 |
| | ਮੀਤ ਪ੍ਰਧਾਨ, ਹੈੱਡਕੁਆਰਟਰ ਮਕਾਨ ਨੰ.-541, ਫੇਸ-3-ਏ, ਮੋਹਾਲੀ | | | |

| | | | | |
|---|---|---|---|---|
| 5. | ਸ. ਜਗੀਰ ਸਿੰਘ ਲਾਲੀਆ ਪ੍ਰਧਾਨ<br>ਮਕਾਨ ਨੰ.-1838, ਫੇਸ-7, ਮੋਹਾਲੀ | 10000/- | ਐਚ-9925 | 23-08-2017 |
| 6. | ਸ. ਹਰਦਿਆਲ ਸਿੰਘ ਘੋਤੜਾ<br>ਵਿੱਤ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ | 5000/- | ਐਚ-9926 | 26-08-2017 |
| 7. | ਸ. ਨਿਰਮਲ ਸਿੰਘ, ਮੇਨਟੇਨਸ ਸਕੱਤਰ<br>ਮਕਾਨ ਨੰ.-2254, ਫੇਸ-10, ਮੋਹਾਲੀ | 5000/- | ਐਚ-9927 | 28-08-2017 |
| 8. | ਕੈਪਟਨ ਜਸਵੰਤ ਸਿੰਘ<br>ਸੀਨੀਅਰ ਮੀਤ ਪ੍ਰਧਾਨ (ਹੈੱਡਕੁਆਰਟਰ), ਮਕਾਨ ਨੰ.-2369, ਫੇਸ-11, ਮੋਹਾਲੀ | 5000/- | ਐਚ-9928 | 29-08-2017 |
| 9. | ਮੇਜਰ ਮੇਹਰ ਸਿੰਘ (ਰਿਟਾ.)<br>ਸਾਬਕਾ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ, ਮਕਾਨ ਨੰ.-2371, ਫੇਸ-11, ਮੋਹਾਲੀ | 5000/- | ਐਚ-9929 | 29-08-2017 |
| 10. | ਸ. ਅਮਰਜੀਤ ਸਿੰਘ<br>ਮਕਾਨ ਨੰ. ਐਚ.ਐਮ. 102, ਫੇਸ-3 ਬੀ 1, ਮੋਹਾਲੀ | 5000/- | ਐਚ-9930 | 31-08-2017 |



# MATRIMONIAL



**Suitable match for Lobana Sikh Boy born on January 1990 , Height 5'11", M.Com, doing job as Assistant Manager in nationalized bank, Owned Flat in Panchkula, Agriculture Land in native village. Father retired as Senior Manager from Bank, Sister Serving in State Bank of India and married. Mother Graduate & House Wife. Contact :- 80546-10033**

* * * * *


**Suitable match for lobana boy 1990 born/Height 5'-7", Graduate doing private job, own house at mohali. Contact : 98885-10523.**

# ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# The Earth




We have read about earth in last month's issue, in which, it was discussed that the inner part of the earth will be in next issue. So when we see the inner part of earth and can say its divided into main three parts i.e. crust, Mantle and core. The crust is the outermost and the thinnest layer of the earth. This layer has the least density and its thickness varies about 8 to 40 km. Moho, marks the lower limit of the crust and this discontinuity is identified on the bases of rock density. The rocks forming the crust of the earth are rich in lighter minerals like (silica and aluminium). The average density of this layer is 2.7 gm/cm³.

Thickness of the crust is male in the continents and lesson in the oceans while density of continental crust its lower then the oceans. Due to presence of minerals like silica and magnesium in the rocks forming this layer of the earth known as sima (silica and magnesium).

The mantle is the intemedliate layer of the earth in term of both its location and density.

The second part comes mantle, this layer is the intermediate layer of the earth in terms of both its location and density. Its about 2,900 km in thickness, composed of minerals in a semi-solid state. Mentle is further divided into two layers : One is upper mantle and other one is lower mantle. The upper part of the mantle is called the Asthenosphere, which is 250 km thick. The transitional zone separating the mantle from the core is called the **Gutenberg Discontinuity**.

Third part of this is core, which is the innermost layer of the earth and occupies its centre. Its about 3500 km in radius. Again the core is further divided into two layers i.e. outer core and inner core. The outer part of the core is believed to have the properties of a liquid and innermost part of the core (about 1255 km in radius) may be called solid or crystalline. This layer is also called AS NIFE (Nickle sand iron), because this layer contain large concentration of iron and nickle, temperature of the core is between 2200°c to 2750°c.



**Engineer Parminderjit Singh**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਸਿਹਤ ਖੇਤਰ ਵਿਚ ਐਂਬੂਲੈਂਸ ਕਮ ਕਲੀਨਿਕਲ ਟੈਸਟਿੰਗ ਮੋਬਾਇਲ ਵੈਨ ਵੱਲੋਂ ਜਲੰਧਰ ਅਤੇ ਕਪੂਰਥਲਾ ਦੇ ਵੱਖ-ਵੱਖ ਥਾਵਾਂ 'ਤੇ ਲਗਾਏ ਗਏ ਫ੍ਰੀ ਟੈਸਟਿੰਗ ਕੈਂਪਾਂ ਦਾ ਵੇਰਵਾ


















ਫਾਊਂਡੇਸ਼ਨ ਵੱਲੋਂ ਉਪਰੋਕਤ ਚਲਾਈ ਜਾ ਰਹੀ ਵੈਨ ਦੇ ਪ੍ਰਬੰਧ ਨੂੰ ਚਲਾਉਣ ਲਈ ਬਣਾਈ ਕਮੇਟੀ ਜਿਸ ਵਿਚ ਸ. ਪ੍ਰੀਤਮ ਸਿੰਘ ਨਾਰੰਗਪੁਰ, ਸਤਪਾਲ ਸਿੰਘ ਮੁਲਤਾਨੀ, ਸ. ਮਹਿੰਦਰ ਸਿੰਘ ਡੀ.ਐਸ.ਪੀ. (ਰਿਟਾ.), ਸ. ਅਵਤਾਰ ਸਿੰਘ ਡੀ.ਐਸ.ਪੀ. (ਰਿਟਾ.), ਸ. ਪਰਮਿੰਦਰਜੀਤ ਸਿੰਘ, ਸ. ਜਸਵਿੰਦਰ ਸਿੰਘ ਬਿੱਲਾ ਕੌਂਸਲਰ, ਸ. ਸੁਖਵਿੰਦਰ ਸਿੰਘ ਬਿੱਲਾ ਅਤੇ ਪ੍ਰਿੰ. ਟਹਿਲ ਸਿੰਘ। ਪਿੰਡ ਭੁਲੱਥ-2, ਟਾਂਡਾ-2, ਦਬੁਰਜੀ, ਹਜ਼ਾਰਾ-2, ਮਕਸੂਦਾਂ, ਦਸਮੇਸ਼ ਐਵੀਨਿਊ, ਦੀਪ ਨਗਰ, ਸੰਤ ਪ੍ਰੇਮ ਸਿੰਘ ਗੁਰੂ ਘਰ 66 ਫੁੱਟੀ ਰੋਡ ਵਿਖੇ ਕੈਂਪ ਲਗਾਏ ਗਏ ਜਿਸ ਵਿਚ ਲਗਭਗ 600 ਮਰੀਜ਼ਾਂ ਦੇ ਖ਼ੂਨ ਦੇ ਟੈਸਟ ਕੀਤੇ ਗਏ।

ਫੋਟੋ - ਜੋਗਿੰਦਰ ਸਿੰਘ ਅਜੈਬ

Regd No. 32212/78

Postal No.-- CHD/0111/2015-17

# Executive Committee Meeting on 19-8-17

